# FARM AND SPICE

Daily Specials on f ◎

**SPECIAL OFFERS: 13 - 19 JAN**

Open 7 Days a Week
8.30 am to 9.00 pm

## HAPPY LOHRI

ਆਵੋਕਾਡੋ
**Avocado**
89¢ each

ਘੀਆ
**Opo Long**
$1.79 /lb

ਜੰਬੋ ਬੈਂਗਣ
**Eggplant**
Jumbo
$1.79 each

ਸੰਤਰਾ ਨਿੱਕਾ
**Orange Small**
$1.29 /lb

ਸੇਬ ਐਂਬ੍ਰੋਸੀਆ/ਗਾਲਾ
**Ambrosia/Gala Apple**
$1.49 /lb

ਅਮਰੂਦ
**Guava**
$2.99 /lb

ਲੰਬਾ ਬੈਂਗਣ
**Eggplant**
Long
$1.99 each

ਬੀਨਜ਼
**Beans**
$1.99 /lb

ਬੈਂਗਣ ਇੰਡੀਅਨ
**Eggplant Indian**
$1.99 /lb

ਲਸਣ
**Garlic**
1kg
$2.99 each

ਅਨਾਰ
**Pomegranate**
$2.49 each

ਐ-ਪਲਸ ਸੋਯਾ
**Aplus**
Soya Chunks/ Mini Chunks
200g
$1.99 each

ਅਸ਼ੋਕਾ ਸਾਗ
**Ashoka**
Saron Ka Saag
850g
$2.99 each

ਕਾਸਾਬਲੈਂਕਾ ਕੁੱਕੀਜ਼
**Casablanca**
Almond/mango/Cashew Cookies
340g
$3.99 each

ਬਦਾਮ
**Almonds**
Supreme Quality
$4.49 /lb

ਬਿਕਾਨੋ ਸੂਜੀ ਰੱਸ
**Bikano**
Suji Rusk
600g
$4.49 each

ਯਮਕੀਨਜ਼ ਪਾਣੀ ਪੂਰੀ
**Yamkeens**
Pani Puri
360g
$4.99 each

ਬੀ ਸੀ ਮਿਕਸ ਸਵੀਟਸ
**BC Asst. Sweets**
boondi ladoo, besan ladoo, mathura peda
400g
$5.99 each

ਟਾਟਾ ਚਾਹ
**Tata**
Tea Premium
220 bags
$8.99 each

## LOHRI

ਗੁਰੂ ਜੀ ਗੱਚਕ
**Guru Ji**
Peanut Gachak
400g
$2.79 each

ਗੁਰੂ ਜੀ ਰੇਵੜੀ
**Guru Ji**
Reweri Gur/Sugar
800g
$3.99 each

ਵੇਰਕਾ ਮੂੰਗਫਲੀ
**Verka**
Peanuts
908g
$5.99 each

**ITEMS AVAILABLE**

ਸੈਂਚੁਰੀ ਚਾਹ
**Century No. 1**
Premium Tea
1kg
$11.99 each

ਏ ਪੱਲਸ ਚਾਵਲ
**A+Plus**
Everyday Basmati Rice
5kg
$11.99 each

ਏ+ਪਲਸ ਤੇਲ
**A+Plus**
Mustard Oil
2ltr
$10.99 each

ਏ+ਪਲਸ ਤੇਲ
**A+Plus**
Mustard Oil
5ltr
$26.99 each

**# 09-10 12830 96 Ave. Surrey BC | Tel: 604 930 7742**
**# 103-104 14320 64 Ave. Surrey BC | Tel: 604 593 6323**


**Curbside pick up available**

*while supply last

# ਭਾਰਤ ਕਸ਼ਮੀਰ ਵਿਚ ਸ਼ਾਂਤੀ ਰੱਖਿਅਕ ਕਾਰਜਾਂ ਲਈ ਸਹਿਯੋਗ ਨਹੀਂ ਦਿੰਦਾ:ਸੰਯੁਕਤ ਰਾਸ਼ਟਰ

ਸੰਯੁਕਤ ਰਾਸ਼ਟਰ:ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਵਿਚ ਵਿਵਾਦਿਤ ਜੰਮੂ-ਕਸ਼ਮੀਰ ਵਿਚ ਭਾਰਤ ਅਤੇ ਪਾਕਿਸਤਾਨ ਵਿਚ ਮਿਲਟਰੀ ਅਬਜ਼ਰਵਰ ਗਰੁੱਪ (ਯੂ.ਐੱਨ.ਐੱਮ.ਓ.ਜੀ.ਆਈ.ਪੀ.) ਦੀਆਂ ਸ਼ਾਂਤੀ ਰੱਖਿਅਕ ਜ਼ਿੰਮੇਵਾਰੀਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਕਈ ਸਾਲਾਂ ਤੋਂ ਭਾਰਤ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਕੰਟਰੋਲ ਰੇਖਾ (ਐਲਓਸੀ) ਦੀ ਨਿਗਰਾਨੀ ਕਰਦਾ ਹੈ, ਅਤੇ ਉਨ੍ਹਾਂ ਚੁਣੌਤੀਆਂ ਨੂੰ ਦੂਰ ਕਰਨ ਲਈ ਉਪਾਵਾਂ ਦੀ ਮੰਗ ਕਰਦਾ ਹੈ।ਗਰੁੱਪ ਦੀ ਆਡਿਟ ਰਿਪੋਰਟ ਦੇ ਅਨੁਸਾਰ, "ਐਲਓਸੀ ਅਤੇ (ਸਿਆਲਕੋਟ) ਵਰਕਿੰਗ ਬਾਊਂਡਰੀ ਦੇ ਭਾਰਤੀ ਪਾਸੇ,ਯੂਐਨਐਮਓਜੀਆਈਪੀ ਫੌਜੀ ਅਬਜ਼ਰਵਰਾਂ ਨੂੰ ਕੋਈ ਆਜ਼ਾਦੀ ਨਹੀਂ ਹੈ।"

ਸੰਯੁਕਤ ਰਾਸ਼ਟਰ ਦੇ ਫੌਜੀ ਨਿਰੀਖਕਾਂ ਅਤੇ ਅੰਤਰਰਾਸ਼ਟਰੀ ਸਟਾਫ ਨੂੰ ਕਸ਼ਮੀਰ ਦੀ ਯਾਤਰਾ ਕਰਨ ਲਈ ਵੀਜ਼ਾ ਪ੍ਰਾਪਤ ਕਰਨ ਵਿੱਚ ਲੰਮੀ ਦੇਰੀ ਦਾ ਅਨੁਭਵ ਹੁੰਦਾ ਹੈ," ਰਿਪੋਰਟ ਵਿੱਚ ਕਿਹਾ ਗਿਆ ਹੈ।ਗਰੁੱਪ,





ਜਿਸ ਦੇ ਹੁਣ 44 ਨਿਗਰਾਨ ਹਨ, ਦੀ ਸਥਾਪਨਾ 1949 ਵਿੱਚ ਯੂ.ਐਨ ਸੁਰੱਖਿਆ ਪ੍ਰੀਸ਼ਦ ਦੁਆਰਾ ਇੱਕ ਸ਼ਾਂਤੀ ਰੱਖਿਅਕ ਮਿਸ਼ਨ ਵਜੋਂ ਕੀਤੀ ਗਈ ਸੀ ਤਾਂ ਜੋ ਇਸ ਖੇਤਰ ਵਿੱਚ ਸ਼ਾਂਤੀ ਨੂੰ ਬਰਕਰਾਰ ਰੱਖਣ ਅਤੇ ਕਾਇਮ ਰੱਖਣ ਲਈ ਇੱਕ ਸਾਧਨ ਵਜੋਂ ਕੰਮ ਕੀਤਾ ਜਾ ਸਕੇ।ਯੂਐਨਐਮਓਜੀਆਈਪੀ ਅਧਿਕਾਰੀਆਂ ਦੀ ਆਵਾਜਾਈ 'ਤੇ ਭਾਰਤੀ ਪਾਬੰਦੀਆਂ ਦੇ ਨਤੀਜੇ ਵਜੋਂ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਮੂਹ ਨੂੰ ਸਿਰਫ 11 ਫੀਲਡ ਸਟੇਸ਼ਨ ਸਥਾਪਤ ਕਰਨ ਲਈ ਮਜਬੂਰ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ ਕਈਆਂ ਵਿੱਚ ਜੰਗਬੰਦੀ ਦੀ ਉਲੰਘਣਾ ਦੀ ਨਿਗਰਾਨੀ ਕਰਨ ਅਤੇ ਰਿਪੋਰਟ ਕਰਨ ਲਈ ਸਿਰਫ ਇੱਕ ਫੌਜੀ ਨਿਗਰਾਨ ਤਾਇਨਾਤ ਸੀ। ਨਵੀਂ ਦਿੱਲੀ ਨੇ ਮਾਰਚ 2020 ਵਿੱਚ ਜੰਮੂ ਅਤੇ ਸਿਆਲਕੋਟ ਵਿਖੇ ਵਰਕਿੰਗ ਬਾਉਂਡਰੀ ਕਰਾਸਿੰਗ ਪੁਆਇੰਟ (ਬੀਸੀਪੀ) ਨੂੰ ਬੰਦ ਕਰ ਦਿੱਤਾ ਸੀ, ਜਿਸ ਨਾਲ ਯੂਐਨਐਮਓਜੀਆਈਪੀ ਨੂੰ ਜੰਮੂ ਵਿੱਚ ਆਪਣੇ ਫੀਲਡ ਸਟੇਸ਼ਨਾਂ ਤੱਕ ਪਹੁੰਚਣ ਲਈ ਵਾਘਾ ਬਾਰਡਰ ਤੋਂ ਬਹੁਤ ਲੰਬਾ ਰਸਤਾ ਵਰਤਣ ਲਈ ਮਜਬੂਰ ਕੀਤਾ ਗਿਆ ਸੀ। . ਇੰਨਾ ਹੀ ਨਹੀਂ, ਭਾਰਤ ਨੇ ਫੀਲਡ ਸਟੇਸ਼ਨਾਂ ਵਿੱਚ ਆਪਣੀ ਡਿਊਟੀ ਨਿਭਾ ਰਹੇ ਫੌਜੀ ਅਬਜ਼ਰਵਰਾਂ ਨੂੰ ਲੌਜਿਸਟਿਕਲ ਸੁਵਿਧਾਵਾਂ ਅਤੇ ਮੁਫਤ ਭੋਜਨ ਰਾਸ਼ਨ ਵਰਗਾ ਆਪਣਾ ਬਣਦਾ ਯੋਗਦਾਨ ਵੀ ਵਾਪਸ ਲੈ ਲਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2013 ਤੋਂ, ਭਾਰਤ ਨੇ ਰਿਹਾਇਸ਼ ਅਤੇ ਭੋਜਨ ਰਾਸ਼ਨਿੰਗ ਸਹੂਲਤਾਂ ਦੇ ਬਦਲੇ ਹਰ ਮਹੀਨੇ 'ਯੂਐਨਐਮਓਜੀਆਈਪੀ 'ਤੋਂ ਕਈ ਲੱਖ ਰੁਪਏ ਇਕੱਠੇ ਕੀਤੇ ਹਨ।

## ਕਸ਼ਮੀਰ ਵਿੱਚ ਮਨੁੱਖੀ ਘਾਣ

| (From Jan 1989 till 31 Dec 2022) | |
|---|---|
| Total Killings | 96,163 |
| Custodial killings | 7,282 |
| Civilian arrested | 165,428 |
| Structures Arsoned/Destroyed | 110,496 |
| Women Widowed | 22,954 |
| Children Orphaned | 1,07,892 |
| Women gang-raped / Molested | 11,256 |

# ਸਰੀ ਦੇ ਪਲਵਿੰਦਰ ਸਿੱਧੂ ਦੀ ਨਿੱਕਲੀ 250,000 ਡਾਲਰ ਦੀ ਲਾਟਰੀ



ਸਰੀ, (ਹਰਦਮ ਮਾਨ)- ਸਰੀ 'ਚ ਰਹਿਣ ਵਾਲੇ ਪਲਵਿੰਦਰ ਸਿੱਧੂ ਦੇ ਉਸ ਸਮੇਂ ਵਾਰੇ ਨਿਆਰੇ ਹੋ ਗਏ ਜਦੋਂ ਉਸ ਨੂੰ 250,000 ਡਾਲਰ ਦਾ ਲਾਟਰੀ ਇਨਾਮ ਹਾਸਲ ਹੋਇਆ। ਬੀਸੀ ਲਾਟਰੀ ਦੀ ਸੂਚਨਾ ਅਨੁਸਾਰ ਪਲਵਿੰਦਰ ਸਿੱਧੂ ਨੇ 19 ਦਸੰਬਰ ਦੇ ਡੇਲੀ ਗਰੈਂਡ ਟਿਕਟ 'ਤੇ 250,000 ਡਾਲਰ ਡਰਾਅ ਆਪਣੇ ਨਾਮ ਕੀਤਾ ਹੈ।ਪਲਵਿੰਦਰ ਸਿੱਧੂ ਨੇ ਇਹ ਲਾਟਰੀ ਨਿਕਲਣ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਜਦੋਂ ਉਸ ਨੇ ਲਾਟਰੀ ਦਾ ਨਤੀਜਾ ਵੇਖਿਆ ਤਾਂ ਉਸ ਨੂੰ ਲੱਗਿਆ ਕਿ 250 ਡਾਲਰ ਦਾ ਇਨਾਮ ਨਿਕਲਿਆ ਹੈ ਅਤੇ ਜਦੋਂ ਉਸ ਨੂੰ ਪਤਾ ਲੱਗਿਆ ਕਿ ਇਹ 250 ਨਹੀਂ ਸਗੋਂ 250,000 ਡਾਲਰ ਦਾ ਇਨਾਮ ਨਿਕਲਿਆ ਹੈ ਤਾਂ ਉਸ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਉਸ ਨੇ ਇਹ ਸਭ ਤੋਂ ਪਹਿਲਾਂ ਆਪਣੀ ਪਤਨੀ ਨਾਲ ਇਹ ਖੁਸ਼ੀ ਸਾਂਝੀ ਕੀਤੀ ਤਾਂ ਉਸ ਦੀ ਪਤਨੀ ਨੇ ਵੀ ਇਸ ਨੂੰ ਮਜ਼ਾਕ ਸਮਝਿਆ ਪਰ ਸੱਚਾਈ ਜਾਨਣ 'ਤੇ ਉਸ ਦੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ।ਪਲਵਿੰਦਰ ਸਿੱਧੂ ਨੇ ਬੀਸੀ ਲਾਟਰੀ ਨੂੰ ਦੱਸਿਆ ਕਿ ਇਸ ਜਿੱਤੀ ਹੋਈ ਰਾਸ਼ੀ ਨਾਲ ਉਹ ਆਪਣਾ ਘਰ ਖਰੀਦੇਗਾ ਅਤੇ ਆਪਣਾ ਬਿਜਨਸ ਸ਼ੁਰੂ ਕਰੇਗਾ।

# ਵਿੱਤੀ ਦੀਵਾਲੀਏ ਦਾ ਕਾਰਨ ਬਣ ਸਕਦੀ ਹੈ ਪੁਰਾਣੀ ਪੈਨਸ਼ਨ ਸਕੀਮ:ਮੌਂਟੇਕ ਸਿੰਘ ਆਹਲੂਵਾਲੀਆ

ਨਵੀਂ ਦਿੱਲੀ-ਯੋਜਨਾ ਕਮਿਸ਼ਨ ਦੇ ਸਾਬਕਾ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਨੇ ਸੂਬਾ ਸਰਕਾਰਾਂ ਨੂੰ ਚਿਤਾਵਨੀ ਦਿੱਤੀ ਦਿੰਦਿਆਂ ਕਿਹਾ ਕਿ 'ਪੁਰਾਣੀ ਪੈਨਸ਼ਨ ਸਕੀਮ' ਨੂੰ ਵਾਪਸ ਲਿਆਉਣਾ ਇੱਕ 'ਪਿਛਾਂਹ ਖਿੱਚੂ ਕਦਮ' ਸਾਬਤ ਹੋ ਸਕਦਾ ਹੈ ਅਤੇ ਵਿੱਤੀ ਦੀਵਾਲੀਏ ਵੱਲ ਲਿਜਾ ਸਕਦਾ ਹੈ। ਕੌਮੀ ਰਾਜਧਾਨੀ ਦਿੱਲੀ ਵਿੱਚ ਇੱਕ ਕਿਤਾਬ ਰਿਲੀਜ਼ ਕਰਨ ਸਬੰਧੀ ਸਮਾਗਮ ਦੌਰਾਨ ਆਹਲੂਵਾਲੀਆ ਨੇ ਕਿਹਾ ਕਿ ਦੇਸ਼ ਅਤੇ ਵਿਸ਼ਵ ਅੱਜ ਜਿਨ੍ਹਾਂ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ, ਉਨ੍ਹਾਂ ਨੂੰ ਦੇਖਦੇ ਹੋਏ ਪੁਰਾਣੀ ਪੈਨਸ਼ਨ ਸਕੀਮ ਨੂੰ ਵਾਪਸ ਲਿਆਉਣ ਦਾ ਕਦਮ ਇੱਕ 'ਬੇਤੁਕਾ ਵਿਚਾਰ' ਹੋ ਸਕਦਾ ਹੈ।

Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Malkit Singh Sidhu
D.H.M.S. (Hons.)
drmsidhu2@gmail.com



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)






# ਜੇ ਸੁਖਬੀਰ ਬਾਦਲ ਨੂੰ ਖ਼ਾਲਸਾ ਪੰਥ ਤੇ ਪੰਜਾਬ ਵਾਸੀਆਂ ਨੇ ਦੁਬਾਰਾ ਹਰਾ ਦਿੱਤਾ ਤਾਂ ਬਾਦਲਕੇ ਖ਼ਾਲਿਸਤਾਨ ਜ਼ਿੰਦਾਬਾਦ ਵੀ ਕਹਿਣਗੇ

# ਸੱਤਾ ਖੁੱਸਣ ਮਗਰੋਂ ਹੀ ਬਾਦਲਾਂ ਨੂੰ ਪੰਥ ਚੇਤੇ ਆਉਂਦਾ ਹੈ:ਫ਼ੈਡਰੇਸ਼ਨ ਭਿੰਡਰਾਂਵਾਲਾ

ਅੰਮ੍ਰਿਤਸਰ:ਜੇ ਬਾਦਲ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਖ਼ਾਲਸਾ ਪੰਥ ਤੇ ਪੰਜਾਬ ਵਾਸੀਆਂ ਨੇ ਇੱਕ ਵਾਰ ਦੁਬਾਰਾ ਫਿਰ ਚੋਣਾਂ ਵਿੱਚ ਹਰਾ ਦਿੱਤਾ ਤਾਂ ਬਾਦਲਕੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਇਆ ਕਰਨਗੇ ਤੇ ਵੋਟਾਂ ਬਟੋਰਨ ਲਈ ਸਿੱਖਾਂ ਨੂੰ ਭਰਮਾਉਣ ਲਈ ਹਰ ਹਰਬਾ ਵਰਤ ਕੇ ਪੰਥਕ ਬਣ ਕੇ ਵਿਖਾਉਣਗੇ ਤੇ ਖ਼ਾਲਿਸਤਾਨ ਲਈ ਵੀ ਸੰਘਰਸ਼ਸ਼ੀਲ ਹੋਣਗੇ ਤੇ ਸ਼੍ਰੋਮਣੀ ਕਮੇਟੀ ਤੋਂ ਖ਼ਾਲਿਸਤਾਨ ਲਈ ਮਤੇ ਪਾਸ ਕਰਵਾਉਣਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਖ਼ਾਲਿਸਤਾਨੀ ਚਿੰਤਕ ਅਤੇ ਪੰਥਕ ਲੇਖਕ ਭਾਈ ਸਰਬਜੀਤ ਸਿੰਘ ਘੁਮਾਣ ਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸੰਨ 1989 ਤੋਂ ਲੈ ਕੇ 2022 ਤੱਕ ਤਾਂ ਸੁਖਬੀਰ ਸਿੰਘ ਬਾਦਲ ਨੂੰ ਇੰਦਰਾ ਗਾਂਧੀ ਨੂੰ ਸੋਧਣ ਵਾਲੇ ਸ਼ਹੀਦ ਭਾਈ ਸਤਵੰਤ ਸਿੰਘ, ਸ਼ਹੀਦ ਭਾਈ ਬੇਅੰਤ ਸਿੰਘ ਤੇ ਸ਼ਹੀਦ ਭਾਈ ਕੇਹਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਚੇਤਾ ਨਹੀਂ ਆਇਆ ਪਰ ਹੁਣ ਸੁਖਬੀਰ ਬਾਦਲ ਬੀਤੇ ਕੱਲ੍ਹ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚਲੇ ਗੁਰਦੁਆਰਾ ਝੰਡਾ ਬੁੰਗਾ ਵਿਖੇ ਪਹੁੰਚ ਗਿਆ। ਜੇ ਪੰਥ ਅਤੇ ਸ਼ਹੀਦਾਂ ਪ੍ਰਤੀ ਬਾਦਲਕਿਆਂ ਨੇ ਪਹਿਲਾਂ ਹੀ ਆਪਣੇ ਫ਼ਰਜ ਨਿਭਾਏ ਹੁੰਦੇ ਤਾਂ ਆਹ ਹਲਾਤ ਨਾ ਬਣਦੇ, ਹੁਣ ਤਾਂ ਬਾਦਲਕੇ ਆਪਣਾ ਅਕਾਲੀ ਦਲ ਵਾਲਾ ਚਿਹਰਾ, ਸਰੂਪ ਤੇ ਸਿਧਾਂਤ ਗਵਾ ਚੁੱਕੇ ਹਨ ਤੇ ਪੰਥ ਦੋਖੀਆਂ ਵਾਲੀ ਕਤਾਰ ਵਿੱਚ ਖੜ੍ਹੇ ਹਨ। ਉਹਨਾਂ ਕਿਹਾ ਕਿ ਲੋਕ ਸਭਾ



ਅਤੇ ਵਿਧਾਨ ਸਭਾ ਚੋਣਾਂ ਵਿੱਚ ਹੋਈ ਕਰਾਰੀ ਹਾਰ ਤੋਂ ਬਾਅਦ ਹੁਣ ਬਾਦਲਕੇ ਪੰਥਕ ਬਣਨ ਦੇ ਡਰਾਮੇ ਕਰ ਰਹੇ ਹਨ। ਕਦੇ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਪੰਥਕ ਇਕੱਠ ਦੇ ਆੜ ਹੇਠ ਬਾਦਲ ਬਚਾਓ ਰੈਲ਼ੀ ਕਰਦੇ ਨੇ, ਕਦੇ ਬੰਦੀ ਸਿੰਘਾਂ ਦੀ ਰਿਹਾਈ ਲਈ ਧਰਨੇ ਲਾਉਂਦੇ ਨੇ, ਕਦੇ ਬਾਪੂ ਸੂਰਤ ਸਿੰਘ ਨੂੰ ਮਿਲਣ ਪਹੁੰਚ ਜਾਂਦੇ ਨੇ, ਕਦੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਕਹਿੰਦੇ ਨੇ ਤੇ ਮੁੱਖ ਮੰਤਰੀ ਬੁੱਚੜ ਬਿਅੰਤ ਸਿਹੁੰ ਨੂੰ ਬੰਬ ਨਾਲ ਉਡਾਉਣ ਵਾਲੇ ਸ਼ਹੀਦ ਭਾਈ ਦਿਲਾਵਰ ਸਿੰਘ ਦੀ ਤਸਵੀਰ ਵੀ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾ ਦੇਂਦੇ ਨੇ ਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਹੱਕ ਵਿੱਚ ਵੀ ਬਿਆਨਬਾਜੀ ਕਰਦੇ ਨੇ ਤੇ ਭਾਜਪਾ ਨਾਲੋਂ ਮਜ਼ਬੂਰੀ ਵੱਸ ਕੀਤੇ ਤੋੜ ਵਿਛੋੜੇ ਮਗਰੋਂ ਵੀਰ ਬਾਲ ਦਿਵਸ ਦਾ ਵੀ ਵਿਰੋਧ ਕਰ ਰਹੇ ਹਨ ਪਰ ਜੇ ਬਾਦਲਾਂ ਦੀ ਸਰਕਾਰ ਹੁੰਦੀ ਤਾਂ ਬਾਦਲਾਂ ਨੇ ਫਿਰ ਉ਼ਲਟ ਚੱਲਣਾ ਸੀ ਤੇ ਜਿਵੇਂ ਪਹਿਲਾਂ ਬਾਦਲਾਂ ਨੇ ਆਪਣੇ ਰਾਜ ਵਿੱਚ ਪੰਥਪ੍ਰਸਤ ਗੁਰਸਿੱਖਾਂ ਦਾ ਜੀਣਾ ਦੁੱਭਰ ਕੀਤਾ ਸੀ ਓਵੇਂ ਹੀ ਹੁਣ ਬਾਦਲਕਿਆਂ ਨੇ ਪੰਥਕ ਸਿਧਾਂਤਾਂ ਦਾ ਘਾਣ ਤੇ ਪੰਥਕ ਮੁੱਦਿਆਂ ਦਾ ਡਟਵਾਂ ਵਿਰੋਧ ਕਰਨਾ ਸੀ ਤੇ ਪੰਥ ਦੀ ਗੱਲ ਕਰਨ ਵਾਲੇ ਗੁਰਸਿੱਖਾਂ ਨੂੰ ਜੇਲ੍ਹੀਂ ਤੁੰਨ ਦੇਣਾ ਸੀ। ਉਹਨਾਂ ਕਿਹਾ ਕਿ ਕਾਂਗਰਸੀਆਂ, ਭਾਜਪਾਈਆਂ ਤੇ ਝਾੜੂ ਪਾਰਟੀ ਵਾਂਗ ਬਾਦਲ ਦਲ ਵੀ ਪੰਥ ਅਤੇ ਪੰਜਾਬ ਦੀ ਦੋਖੀ ਜਮਾਤ ਹੈ, ਖ਼ਾਲਸਾ ਪੰਥ ਇਹਨਾਂ ਨੂੰ ਹਰਗਿਜ਼ ਨਹੀਂ ਬਖ਼ਸ਼ੇਗਾ। ਦੋਵਾਂ ਆਗੂਆਂ ਨੇ ਕਿਹਾ ਕਿ ਪੰਥ ਅਤੇ ਪੰਜਾਬ ਦੀ ਚੜ੍ਹਦੀ ਕਲਾ, ਖ਼ੁਸ਼ਹਾਲੀ ਤੇ ਅਜ਼ਾਦੀ ਲਈ ਬਾਦਲਕਿਆਂ ਨੂੰ ਸੱਤਾ ਤੋਂ ਪਾਸੇ ਰੱਖਣਾ ਬੇਹੱਦ ਜ਼ਰੂਰੀ ਹੈ ਤੇ ਭਵਿੱਖ ਵਿੱਚ ਬਾਦਲਕਿਆਂ ਦੀ ਇੱਕ ਹੋਰ ਨਵੀਂ ਹਾਰ ਮਗਰੋਂ ਖ਼ਾਲਿਸਤਾਨ ਦੇ ਸੰਘਰਸ਼ ਨੂੰ ਬਲ ਮਿ਼ਲੇਗਾ। ਉਹਨਾਂ ਕਿਹਾ ਕਿ ਬਾਦਲਕੇ ਪੰਥ ਅਤੇ ਪੰਜਾਬ ਦੇ ਦੋਸ਼ੀ, ਗ਼ੁਨਾਹਗਾਰ ਤੇ ਗ਼ਦਾਰ ਹਨ ਜਿਨ੍ਹਾਂ ਨੇ ਸਾਡੀਆਂ ਮਾਣਮੱਤੀ ਸੰਸਥਾਵਾਂ ਦਾ ਵੱਕਾਰ ਵੀ ਰੋਲ ਦਿੱਤਾ।

# ‘‘ਨਾਗਾਂ ਨੂੰ ਦੁੱਧ ਪਿਆਉਣ ਵਾਲੇ, ਦਲਿਤਾਂ ਨੂੰ ਅਛੂਤ ਕਿਉਂ ਸਮਝਦੇ?’’

*ਸੰਧਿਆ ਨਰੇ-ਪਵਾਰ

ਸਵਿੱਤਰੀਬਾਈ ਫੂਲੇ ਔਰਤ ਅਤੇ ਦਲਿਤ ਹੱਕਾਂ ਲਈ ਲੜਨ ਵਾਲੀ ਜਾਣੀ-ਪਛਾਣੀ ਸਮਾਜਿਕ ਕਾਰਕੁਨ ਸਨ। ਕੁਝ ਪਹਿਲਾਂ ਉਨ੍ਹਾਂ ਦੀਆਂ ਤਿੰਨ ਚਿੱਠੀਆਂ ਪਹਿਲੀ ਵਾਰ ਜਨਤਕ ਹੋਈਆਂ ਸਨ।ਇਹ ਚਿੱਠੀਆਂ ਉਨ੍ਹਾਂ ਦੇ ਆਪਣੇ ਪਤੀ ਜਯੋਤੀਰਾਓ ਫੂਲੇ ਨੂੰ ਲਿਖੀਆਂ ਸਨ। ਇਨ੍ਹਾਂ ਰੱਖੀਆਂ ਦੀਆਂ ਇਬਾਰਤ ਸਵਿੱਤਰੀਬਾਈ ਫੂਲੇ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ‘ਤੇ ਚਾਨਣਾ ਪਾਉਂਦੀ ਹੈ। ਸਵਿੱਤਰੀਬਾਇ ਇੱਕ ਚਿੱਠੀ ਵਿਚ ਲਿਖਦੇ ਹਨ, ‘’ਇੱਥੇ ਇੱਕ ਅਣਹੋਣੀ ਹੋ ਚੁੱਕੀ ਹੈ। ਗਣੇਸ਼ ਨਾਮ ਦੇ ਇੱਕ ਬ੍ਰਾਹਮਣ ਨੂੰ ਪੋਥੀ-ਪੁਰਾਣਾਂ ਨਾਲ ਬਹੁਤ ਮੋਹ ਹੈ ਅਤੇ ਉਹ ਪਿੰਡ-ਪਿੰਡ ਘੁੰਮ ਕੇ ਪੰਚਾਂਗ ਦੱਸ ਕੇ ਆਪਣਾ ਗੁਜ਼ਾਰਾ ਚਲਾਉਂਦਾ ਹੈ। ਉਸ ਨੂੰ ਇੱਥੇ ਪਿੰਡ ਵਿੱਚ ਸਾਰਜਾ ਨਾਂ ਦੀ ਇੱਕ ਕੁੜੀ ਨਾਲ ਪਿਆਰ ਹੋਇਆ। ਹੁਣ ਉਹ ਗਣੇਸ਼ ਦੇ ਬੱਚੇ ਦੀ ਮਾਂ ਬਣਨ ਵਾਲੀ ਹੈ।‘’’’ਕੁਝ ਲੋਕਾਂ ਨੇ ਇਨ੍ਹਾਂ ਦੋਵਾਂ ਨੂੰ ਕੁੱਟਦੇ ਹੋਏ ਪਿੰਡ ਦੀਆਂ ਗਲੀਆਂ ਵਿੱਚ ਘੁੰਮਾਇਆ। ਉਹ ਉਨ੍ਹਾਂ ਨੂੰ ਜਾਨ ਤੋਂ ਮਾਰਨਾ ਚਾਹੁੰਦੇ ਸੀ। ਪਰ ਮੈਂ ਉੱਥੇ ਪਹੁੰਚ ਗਈ।‘’’’ਉਨ੍ਹਾਂ ਲੋਕਾਂ ਨੂੰ ਅੰਗਰੇਜ਼ ਸਰਕਾਰ ਦਾ ਡਰ ਦਿੱਤਾ ਗਿਆ ਅਤੇ ਉਨ੍ਹਾਂ ਦੋਵਾਂ ਨੂੰ ਬਦਮਾਸ਼ਾਂ ਦੇ ਚੰਗੁਲ ਤੋਂ ਛੁਡਾਇਆ ਗਿਆ। ਭੀੜ ਦੀ ਮੰਗ ਸੀ ਕਿ ਉਹ ਬ੍ਰਾਹਮਣ ਅਤੇ ਨੀਵੀਂ ਜਾਤ ਦੀ ਕੁੜੀ ਪਿੰਡ ਛੱਡ ਕੇ ਜਾਣ। ਜਿਸ ਨੂੰ ਉਨ੍ਹਾਂ ਦੋਵਾਂ ਨੇ ਮੰਨ ਲਿਆ। ਚਿੱਠੀ ਦੀ ਤਰੀਕ 29 ਅਗਸਤ 1868 ਹੈ।ਸ਼ਹਿਰਾਂ ਵਿੱਚ ਰਹਿਣ ਵਾਲੇ ਚੋਣਵੇਂ ਲੋਕਾਂ ਨੂੰ ਛੱਡ ਕੇ ਭਾਰਤ ਦੇ ਪੇਂਡੂ ਇਲਾਕਿਆਂ ਵਿੱਚ ਅੱਜ ਵੀ ਅੰਤਰਜਾਤੀ ਵਿਆਹ ਸੌਖੀ ਚੀਜ਼ ਨਹੀਂ ਹੈ। ਅੰਤਰਜਾਤੀ ਵਿਆਹ ਦਾ ਵਿਰੋਧ ਕਰਨ ਵਾਲੀ ਖਾਪ ਪੰਚਾਇਤਾਂ, ਜਾਤ ਪੰਚਾਇਤਾਂ ਅੱਜ ਵੀ ਹਨ।ਸਵਿੱਤਰੀਬਾਈ ਨੇ ਜੋ ਚਿੱਠੀਆਂ ਜੋਤੀਰਾਓ ਫੂਲੇ ਨੂੰ ਲਿਖੀਆਂ, ਉਨ੍ਹਾਂ ਵਿੱਚੋਂ ਤਿੰਨ ਚਿੱਠੀਆਂ ਮਿਲੀਆਂ ਹਨ। ਪਹਿਲੀ ਚਿੱਠੀ 1856 ਦੀ, ਦੂਜੀ ਚਿੱਠੀ 1868 ਦੀ ਅਤੇ ਤੀਜੀ ਚਿੱਠੀ 1877 ਦੀ ਹੈ।20 ਅਪ੍ਰੈਲ 1877 ਨੂੰ ਜੁੰਨਰ ਤੋਂ ਲਿਖੀ ਹੋਈ ਚਿੱਠੀ ਵਿੱਚ ਸਵਿੱਤਰੀਬਾਈ ਲਿਖਦੇ ਹਨ,’’1876 ਸਾਲ ਖ਼ਤਮ ਹੋਣ ‘ਤੇ ਕਾ਼ਲ ਦੀ ਤੀਬਰਤਾ ਵੱਧ ਗਈ ਅਤੇ ਨਾਲ ਹੀ ਵੱਧ ਗਈ ਜਾਨਵਰਾਂ ਦੇ ਧਰਤੀ ‘ਤੇ ਡਿੱਗ ਕੇ ਮਰਨ ਦੀ ਤੀਬਰਤਾ, ਲੋਕਾਂ ਨੂੰ ਖਾਣਾ ਨਹੀਂ ਤੇ ਜਾਨਵਰਾਂ ਨੂੰ ਚਾਰਾ ਨਹੀਂ, ਇਸ ਤੋਂ ਇਲਾਵਾ ਕਈ ਲੋਕ ਘਰ ਛੱਡ ਕੇ ਦੂਜਿਆਂ ਇਲਾਕਿਆਂ ਵਿੱਚ ਜਾ ਰਹੇ ਹਨ।ਕਈ ਲੋਕ ਆਪਣੇ ਬੱਚਿਆ ਨੂੰ ਅਤੇ ਜਵਾਨ ਕੁੜੀਆਂ ਨੂੰ ਵੇਚ ਕੇ ਜਾ ਰਹੇ ਹਨ। ਨਦੀਆਂ, ਨਾਲੇ ਸੁੱਕ ਗਏ ਹਨ। ਜ਼ਮੀਨ ਬੰਜਰ ਹੋ ਚੁੱਕੀ ਹੈ। ਕਈ ਲੋਕ ਭੁੱਖ ਅਤੇ ਪਿਆਸ ਨਾਲ ਮਰ ਰਹੇ ਹਨ।

ਬ੍ਰਾਹਮਣ ਵਾਦ ਦਾ ਵਿਰੋਧ ਕਰਦੇ ਹੋਏ ਸਵਿਤਰੀ ਬਾਈ ਲਿਖਦੇ ਹਨ ਕਿ, ਅਖੌਤੀ ਉੱਚ ਜਾਤੀਆਂ ਦੀ ਬੁੱਧੀ ਬ੍ਰਾਹਮਣਾਂ ਦੀ ਸੋਚ ਨਾਲ ਕਮਜ਼ੋਰ ਹੋ ਗਈ ਹੈ।ਇਹ ਬੱਕਰੀ, ਗਊਆਂ ਨੂੰ ਪਿਆਰ ਨਾਲ ਪਾਲ ਲੈਂਦੇ ਹਨ, ਨਾਗਪੰਚਮੀ ‘ਤੇ ਸੱਪ ਨੂੰ ਦੁੱਧ ਪਿਲਾਉਂਦੇ ਹਨ।ਮਹਾਰ-ਮਾਂਗ (ਦਲਿਤ) ਤੁਹਾਡੇ ਵਰਗੇ ਹੀ ਇਨਸਾਨ ਹਨ, ਉਨ੍ਹਾਂ ਨੂੰ ਤੁਸੀਂ ਅਛੂਤ ਸਮਝਦੇ ਹੋ, ਇਸ ਦਾ ਕਾਰਨ ਦੱਸੋ, ਅਜਿਹਾ ਸਵਾਲ ਮੈਂ ਉਸ ਨੂੰ ਪੁੱਛਿਆ।‘’ਮਨੁੱਖਤਾ ਦਾ ਧਰਮ ਮੰਨਣ ਵਾਲੀ ਸੱਵਿਤਰੀਬਾਈ ਦੀ ਸ਼ਖ਼ਸੀਅਤ ਇਨ੍ਹਾਂ ਚਿੱਠੀਆਂ ਤੋਂ ਉਜਾਗਰ ਹੁੰਦੀ ਹੈ। ਇਸੇ ਲਈ ਇਹ ਖਤ ਇੱਕ ਮਹੱਤਵਪੂਰਨ ਸਮਾਜਿਕ ਅਤੇ ਇਤਿਹਾਸਕ ਦਸਤਾਵੇਜ਼ ਹਨ।


BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654

# 1393 - 20800 - WESTMINSTER HWY, RICHMOND, BC
Jasbir Singh Badh



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਜ਼ੀਰਾ ਸ਼ਰਾਬ ਫੈਕਟਰੀ:ਫੈਕਟਰੀ ਬੰਦ ਕਰਵਾ ਕੇ ਹੀ ਹਟਾਂਗੇ





ਜ਼ੀਰਾ:-(ਸਰਬਜੀਤ ਸਿੰਘ ਧਾਲੀਵਾਲ)"ਮੈਂ ਤਾਂ ਆਪਣੀ ਉਮਰ ਭੋਗ ਲਈ ਹੈ, ਅਸੀਂ ਤਾਂ ਆਉਣ ਵਾਲੀ ਪੀੜੀ ਦੀ ਰੱਖਿਆ ਲਈ ਲੜਾਈ ਲੜ ਰਹੇ ਹਾਂ।"ਇਹ ਸ਼ਬਦ ਹਨ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਮਨਸੂਰਵਾਲ ਦੀ ਰਣਜੀਤ ਕੌਰ ਦੇ।81 ਸਾਲਾਂ ਰਣਜੀਤ ਕੌਰ ਨੂੰ 'ਜੀਤੋ ਬੇਬੇ' ਦੇ ਨਾਮ ਨਾਲ ਕਿਸਾਨ ਸੰਬੋਧਨ ਕਰਦੇ ਹਨ।ਰਣਜੀਤ ਕੌਰ ਆਖਦੀ ਹੈ, "ਜਦੋਂ ਤੱਕ ਫ਼ੈਕਟਰੀ ਬੰਦ ਨਹੀਂ ਹੁੰਦੀ, ਅਸੀਂ ਧਰਨੇ ਨੂੰ ਖ਼ਤਮ ਨਹੀਂ ਕਰਨਗੇ, ਕਿਉਂਕਿ ਫ਼ੈਕਟਰੀ ਦੇ ਦੂਸ਼ਿਤ ਪਾਣੀ ਕਾਰਨ ਸਾਡੇ ਬੱਚਿਆ ਦਾ ਭਵਿੱਖ ਖ਼ਤਰੇ ਵਿੱਚ ਹੈ।""ਇਸ ਨੂੰ ਅਸੀਂ ਸਿੰਘੂ ਬਾਰਡਰ ਬਣਾ ਦੇਣਾ ਹੈ।"ਪਿਛਲੇ ਸਾਲ ਜਦੋਂ ਜੁਲਾਈ ਮਹੀਨੇ ਵਿੱਚ ਫ਼ੈਕਟਰੀ ਦੇ ਗੇਟ ਅੱਗੇ ਮਨਸੂਰਵਾਲ ਸਮੇਤ ਇਲਾਕੇ ਦੇ ਚਾਲੀ ਪਿੰਡਾਂ ਨੇ ਧਰਨਾ ਲਗਾਇਆ ਸੀ ਤਾਂ 'ਜੀਤੋ ਬੇਬੇ' ਸਭ ਤੋਂ ਪਹਿਲਾਂ ਘਰੋਂ ਨਿਕਲ ਕੇ ਧਰਨੇ ਵਿੱਚ ਸ਼ਾਮਲ ਹੋਣ ਵਾਲੇ ਵਿਅਕਤੀਆਂ ਵਿੱਚੋਂ ਸੀ।ਰਣਜੀਤ ਕੌਰ ਆਖਦੀ ਹੈ ਕਿ ਗਰਮੀ, ਮੀਂਹ, ਠੰਢ ਸਭ ਕੁਝ ਦੇਖਿਆ ਲਿਆ, ਕਿਸੇ ਵੀ ਮੌਸਮ ਦਾ ਡਰ ਨਹੀਂ ਬਸ ਖ਼ਾਲੀ ਹੱਥ ਘਰ ਨਹੀਂ ਜਾਣਾ।ਉਨ੍ਹਾਂ ਆਖਿਆ, "ਇਹ ਧਰਨਾ ਹੁਣ ਸਾਡਾ ਨਾ ਰਹਿ ਕੇ ਪੂਰੇ ਪੰਜਾਬ ਦਾ ਬਣ ਗਿਆ ਹੈ ਅਤੇ ਲੋਕ ਵੱਖ-ਵੱਖ ਥਾਵਾਂ ਤੋਂ ਉਨ੍ਹਾਂ ਨੂੰ ਹਿਮਾਇਤ ਦੇਣ ਲਈ ਆ ਰਹੇ ਹਨ।"ਰਣਜੀਤ ਕੌਰ ਕੋਲ ਚਾਰ ਏਕੜ ਜ਼ਮੀਨ ਹੈ ਅਤੇ ਘਰ ਦਾ ਖਰਚਾ ਖੇਤੀਬਾੜੀ ਤੋਂ ਹੋਣ ਵਾਲੀ ਆਮਦਨ ਨਾਲ ਹੀ ਚਲਦਾ ਹੈ।ਉਹ ਇੱਥੇ ਰੋਜ਼ਾਨਾ ਲੰਗਰ ਵਿੱਚ ਸੇਵਾ ਕਰਦੇ ਹਨ ਅਤੇ ਖ਼ਾਲੀ ਵਕਤ ਵਿੱਚ ਪ੍ਰਦੂਸ਼ਣ ਨਾਲ ਸਰੀਰ ਉੱਤੇ ਹੋਣ ਵਾਲੇ ਅਸਰ ਬਾਰੇ ਕਿਤਾਬਾਂ ਪੜ ਕੇ ਗਿਆਨ ਹਾਸਲ ਕਰਦੇ ਹਨ।ਫ਼ੈਕਟਰੀ ਦੇ ਅੱਗੋਂ ਲੰਘਦੀ ਸੜਕ ਉੱਤੇ ਕਰੀਬ ਅੱਧਾ ਕਿੱਲੋ ਮੀਟਰ ਤੱਕ ਟਰਾਲੀਆਂ, ਟੈਂਟ ਲੱਗੇ ਹੋਏ ਹਨ।ਹਰਪ੍ਰੀਤ ਕੌਰ ਜ਼ੀਰਾ ਲਾਗਲੇ ਪਿੰਡ ਤੋਂ ਧਰਨੇ ਵਿੱਚ ਰੋਜ਼ਾਨਾ ਆਉਂਦੀ ਹੈ।ਹਰਪ੍ਰੀਤ ਕੌਰ ਦੱਸਦੀ ਹੈ ਕਿ ਘਰ ਛੋਟੇ-ਛੋਟੇ ਬੱਚਿਆਂ ਨੂੰ ਛੱਡ ਕੇ ਇੱਥੇ ਆਉਂਦੇ ਹਨ।ਉਨ੍ਹਾਂ ਆਖਿਆ ਕਿ ਪੂਰਾ ਧਰਨਾ ਸ਼ਾਂਤਮਈ ਹੈ ਅਤੇ ਪੰਜ ਮਹੀਨਿਆਂ ਦਰਮਿਆਨ ਫ਼ੈਕਟਰੀ ਦੀ ਇੱਕ ਇੱਟ ਨੂੰ ਵੀ ਨਹੀਂ ਛੇੜਿਆ ਗਿਆ।ਹਰਪ੍ਰੀਤ ਕੌਰ ਆਖਦੀ ਹੈ ਕਿ ਪਾਣੀ ਇਨਸਾਨ ਲਈ ਜ਼ਰੂਰੀ ਹੈ ਅਤੇ ਉਹ ਇਸੇ ਸਾਫ਼ ਪਾਣੀ ਲਈ ਸੰਘਰਸ਼ ਕਰ ਰਹੇ ਹਾਂ।ਰਟੋਲ ਰੋਹੀ ਪਿੰਡ ਦੀ ਕੁਲਵੰਤ ਕੌਰ ਆਖਦੀ ਹੈ ਕਿ ਘਰ ਵਿੱਚ ਮੋਟਰ ਲੱਗੀ ਹੋਣ ਦੇ ਬਾਵਜੂਦ ਉਹ ਵਾਟਰ ਵਰਕਸ ਦਾ ਪਾਣੀ ਪੀਂਦੇ ਹਨ, ਕਿਉਂਕਿ ਜ਼ਮੀਨੀ ਪਾਣੀ ਵਿਚੋਂ ਬਦਬੂ ਆਉਂਦੀ ਹੈ।

ਉਨ੍ਹਾਂ ਦੱਸਿਆ ਮੋਟਰ ਦਾ ਪਾਣੀ ਇਨਸਾਨ ਤਾਂ ਕੀ ਪਸ਼ੂ ਵੀ ਨਹੀਂ ਪੀਂਦੇ।ਕੁਲਵੰਤ ਕੌਰ ਆਖਦੀ ਹੈ ਕਿ ਉਸ ਦਾ ਜ਼ਿਆਦਾ ਸਮਾਂ ਪਾਣੀ ਦੀ ਸਾਂਭ ਸੰਭਾਲ ਕਰਨ ਵਿੱਚ ਲੰਘ ਜਾਂਦਾ ਹੈ।ਸੈਂਪਲਾਂ ਦੀ ਰਿਪੋਰਟ ਵਿੱਚ ਹਰੇ ਚਾਰੇ ਵਿੱਚੋਂ ਨਾਈਟ੍ਰੇਟ ਦੀ ਮਾਤਰਾ ਜ਼ਿਆਦਾ ਪਾਈ ਗਈ ਜੋ ਪਸ਼ੂਆਂ ਦੇ ਸਿਹਤ ਲਈ ਹਾਨੀਕਾਰਕ ਸਾਬਤ ਹੋਈ।

ਫੈਕਟਰੀ ਲੱਗਣ ਤੋਂ ਪਹਿਲਾਂ ਇਲਾਕੇ ਦਾ ਪਾਣੀ ਪ੍ਰਦੂਸ਼ਿਤ ਨਹੀਂ ਸੀ।23 ਦਸੰਬਰ ਨੂੰ ਪੰਜਾਬ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਨਵੇਂ ਸਿਰੇ ਤੋਂ ਮਾਮਲੇ ਦੀ ਜਾਂਚ ਲਈ ਚਾਰ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ, ਜੋ ਪ੍ਰਦੂਸ਼ਣ ਦੇ ਵੱਖ-ਵੱਖ ਪਹਿਲੂਆਂ ਦੀ ਜਾਂਚ ਕਰਨਗੇ।

ਇਹਨਾਂ ਕਮੇਟੀਆਂ ਵਿੱਚ ਡਾਕਟਰ,ਵਾਤਾਵਰਨ ਪ੍ਰੇਮੀ, ਮਿੱਟੀ ਦੀ ਜਾਂਚ ਲਈ ਮਾਹਿਰ ਅਤੇ ਪਸ਼ੂਆਂ ਉੱਤੇ ਇਸ ਦੇ ਹੋਰ ਰਹੇ ਪਹਿਲੂਆਂ ਦੀ ਜਾਂਚ ਲਈ ਮਾਹਰਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਇਹ ਕਮੇਟੀਆਂ ਆਪਣੀ ਰਿਪੋਰਟ ਅਦਾਲਤ ਵਿੱਚ ਦਾਖਲ ਕਰਨਗੀਆਂ, ਜਿਸ ਤੋਂ ਬਾਅਦ ਇਸ ਫ਼ੈਕਟਰੀ ਦਾ ਭਵਿੱਖ ਤੈਅ ਹੋਵੇਗਾ। ਇਸ ਤੋਂ ਇਲਾਵਾ ਵਾਤਾਵਰਨ ਪ੍ਰੇਮੀ, ਸੂਬੇ ਵਿਚ ਵਿਰੋਧੀ ਧਿਰ ਨਾਲ ਸਬੰਧਤ ਸਿਆਸੀ ਪਾਰਟੀਆਂ ਵੀ ਇਸ ਮੁੱਦੇ ਉੱਤੇ ਇਲਾਕੇ ਵਾਸੀਆਂ ਦਾ ਸਾਥ ਦੇ ਰਹੀਆਂ ਹਨ।

BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary
Celebration

New Location:
346 8140 128th St
(Payal Bus. Centre)
Surrey BC
Ph: 778-565-5000
Flagship Location:
6612 Main St.
Vancouver BC
Ph: 604-327-8711
BhartiJewellers.com

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

AMAYA LIVING

60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor
KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator
BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year
PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਇੰਡੋ ਕਨੇਡੀਅਨ ਸੀਨੀਅਰ ਸੈਂਟਰ ਦਾ ਮਹੀਨਾਵਾਰ ਕਵੀ ਦਰਬਾਰ ਹੋਇਆ

ਸਰੀ:-(ਹਰਚੰਦ ਸਿੰਘ ਅੱਚਰਵਾਲ) ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰ੍ਹੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ 01 ਜਨਵਰੀ 2023 ਦਿਨ ਐਤਵਾਰ ਨੂੰ ਓਪਰਲੇ ਖਚਾਖਚ ਭਰੇ ਹਾਲ ਵਿੱਚ ਠੀਕ 1.00 ਵਜੇ ਪ੍ਰਧਾਨ ਸ: ਹਰਪਾਲ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਸਜਿਆ । ਜਿੰਨ੍ਹਾ ਕਵੀਆਂ ਨੇ ਭਾਗ ਲਿਆ, ਉਹਨਾ ਵਿੱਚ ਦਰਸ਼ਨ ਸਿੰਘ ਅਟਵਾਲ, ਅਮਰੀਕ ਸਿੰਘ ਲੇਹਲ, ਹਰਚੰਦ ਸਿੰਘ ਗਿੱਲ, ਗੁਰਮੀਤ ਕਾਲਕਟ, ਗੁਰਦਰਸ਼ਨ ਸਿੰਘ ਬਾਦਲ , ਮਨਜੀਤ ਸਿੰਘ ਮੱਲਾ, ਰਵਿੰਦਰ ਕੋਰ ਬੈਂਸ, ਦਵਿੰਦਰ ਕੋਰ ਜੋਹਲ, ਸੁਰਜੀਤ ਸਿੰਘ ਗਿੱਲ, ਗੁਰਮੇਲ ਸਿੰਘ ਧਾਲੀਵਾਲ, ਰਣਜੀਤ ਸਿੰਘ ਨਿੱਝਰ, ਗੁਰਮੁਖ ਸਿੰਘ ਨੰਨੜ, ਕਰਮ ਸਿੰਘ ਹਕੀਰ(ਰਾਜਪੁਰਾ), ਗੁਰਦਿਆਲ ਸਿੰਘ ਜੌਹਲ,ਭਜਨ ਸਿੰਘ ਅਟਵਾਲ, ਕ੍ਰਿਪਾਲ ਸਿੰਘ ਜੌਹਲ, ਪ੍ਰਿੰਸੀਪਲ ਮੇਜਰ ਸਿੰਘ ਜੱਸੀ, ਪਵਿੱਤਰ ਕੋਰ ਬਰਾੜ, ਸਵਰਨ ਸਿੰਘ ਚਾਹਲ ਆਦਿ ਕਵੀਆਂ ਨੇ ਖੂਬ ਰੰਗ ਬੰਨ੍ਹਿਆ। ਸਟੇਜ ਸਕੱਤਰ ਦੀ ਜਿੰਮੇਵਾਰੀ ਹਰਚੰਦ ਸਿੰਘ ਗਿਲੱ ਨੇ ਨਿਭਾਈ। ਅੰਤ ਵਿਚੱ ਪ੍ਰਧਾਨ ਸ: ਹਰਪਾਲ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਵਿਸ਼ੇਸ ਤੋਰ ਤੇ ਅਪੀਲ ਕੀਤੀ ਕਿ ਅੱਗੇ ਤੋ ਹਰ ਮਹੀਨੇ ਦੇ ਆਖਰੀ ਐਤਵਾਰ ਕਵੀ ਦਰਬਾਰ ਠੀਕ 12.30 ਵਜੇ ਸੁਰੂ ਹੋ ਜਾਇਆ ਕਰੇਗਾ। ਚਾਹ ਪਾਣੀ ਦੀ ਸੇਵਾ ਸੀਨੀਅਰ ਸੈਂਟਰ ਵੱਲੋ ਕੀਤੀ ਗਈ । ਇਸਤੋ ਓਪਰੰਤ ਸ: ਦਲੀਪ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ ਸੀਨੀਅਰ ਸੈਂਟਰ ਨੂੰ ਸਵੈ ਇੱਛਾ ਨਾਲ ਸੇਵਾਮੁਕਤ ਹੋਣ ਤੇ ਪਲੇਕ ਦੇਕੇ ਸਨਮਾਨਿਤ ਕੀਤਾ। ਸਾਰਾ ਪ੍ਰੋਗ੍ਰਾਮ ਯਾਦਗਾਰੀ ਹੋ ਨਿਬੜਿਆ।





# ਭਾਰਤ ਹੈ ਸਕਿਲ ਕੈਪੀਟਲ, ਦੁਨੀਆ ਦਾ ਬਣ ਸਕਦਾ ਹੈ ਵਿਕਾਸ ਇੰਜਣ:ਮੋਦੀ

ਇੰਦੌਰ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਇੰਦੌਰ ਵਿੱਚ 17ਵੇਂ ਪ੍ਰਵਾਸੀ ਭਾਰਤੀ ਸੰਮੇਲਨ ਵਿੱਚ ਸ਼ਾਮਲ ਹੋਏ।ਮੋਦੀ ਨੇ ਕਿਹਾ- ਦੁਨੀਆ ਭਾਰਤ ਦੀ ਗੱਲ ਸੁਣਦੀ ਹੈ।ਭਾਰਤ ਕੋਲ ਹੁਨਰ ਦੀ ਪੂੰਜੀ ਬਣਨ ਦੀ ਸਮਰੱਥਾ ਹੈ, ਇਹ ਵਿਸ਼ਵ ਦੇ ਵਿਕਾਸ ਦਾ ਇੰਜਣ ਬਣ ਸਕਦਾ ਹੈ।ਭਾਰਤ ਵਿੱਚ ਕਾਬਲ ਨੌਜਵਾਨਾਂ ਦੀ ਵੱਡੀ ਗਿਣਤੀ ਹੈ।ਸਾਡੇ ਨੌਜਵਾਨਾਂ ਕੋਲ ਹੁਨਰ ਦੇ ਨਾਲ-ਨਾਲ ਕਦਰਾਂ-ਕੀਮਤਾਂ ਵੀ ਹਨ। ਕੰਮ ਕਰਨ ਲਈ ਜਨੂੰਨ ਅਤੇ ਇਮਾਨਦਾਰੀ ਦੀ ਵੀ ਲੋੜ ਹੁੰਦੀ ਹੈ।ਪੀਐਮ ਮੋਦੀ ਨੇ ਇੰਦੌਰ ਦੀ ਕਾਫੀ ਤਾਰੀਫ ਕੀਤੀ। ਕਿਹਾ- ਇੰਦੌਰ ਦੁਨੀਆ 'ਚ ਸ਼ਾਨਦਾਰ ਹੈ। ਲੋਕ ਕਹਿੰਦੇ ਹਨ ਕਿ ਇੰਦੌਰ ਇੱਕ ਸ਼ਹਿਰ ਹੈ, ਪਰ ਮੈਂ ਕਹਿੰਦਾ ਹਾਂ ਕਿ ਇੰਦੌਰ ਇੱਕ ਯੁੱਗ ਹੈ, ਜੋ ਸਮੇਂ ਤੋਂ ਅੱਗੇ ਜਾਂਦਾ ਹੈ। ਇਸ ਸਾਲ ਭਾਰਤ ਵਿਸ਼ਵ ਦੇ ਜੀ-20 ਸਮੂਹ ਦੀ ਪ੍ਰਧਾਨਗੀ ਵੀ ਕਰ ਰਿਹਾ ਹੈ। ਭਾਰਤ ਇਸ ਜ਼ਿੰਮੇਵਾਰੀ ਨੂੰ ਵੱਡੇ ਮੌਕੇ ਵਜੋਂ ਦੇਖ ਰਿਹਾ ਹੈ।ਇਹ ਸਾਡੇ ਲਈ ਦੁਨੀਆ ਨੂੰ ਭਾਰਤ ਬਾਰੇ ਦੱਸਣ ਦਾ ਮੌਕਾ ਹੈ। ਸਾਨੂੰ ਜੀ-20 ਨੂੰ ਸਿਰਫ਼ ਕੂਟਨੀਤਕ ਸਮਾਗਮ ਨਹੀਂ, ਸਗੋਂ ਜਨਤਕ ਭਾਗੀਦਾਰੀ ਦਾ ਸਮਾਗਮ ਬਣਾਉਣਾ ਹੈ।ਪਰਵਾਸੀ ਭਾਰਤੀਆਂ ਨੂੰ ਸੂਰੀਨਾਮ ਦੇ ਪ੍ਰਧਾਨ ਚੰਦਰਿਕਾ ਪ੍ਰਸਾਦ ਸੰਤੋਖੀ, ਗੁਆਨਾ



ਦੇ ਪ੍ਰਧਾਨ ਮੁਹੰਮਦ ਇਰਫਾਨ ਅਲੀ, ਵਿਦੇਸ਼ ਮੰਤਰੀ ਐਸ ਜੈਸ਼ੰਕਰ ਅਤੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਵੀ ਸੰਬੋਧਨ ਕੀਤਾ।ਮੋਦੀ ਨੇ ਵਿਦੇਸ਼ੀ ਭਾਰਤੀਆਂ ਨੂੰ ਸਮਰਪਿਤ ਡਾਕ ਟਿਕਟ ਜਾਰੀ ਕੀਤੀ।

## (ਮੁੱਖ ਪੰਨੇ ਦੀ ਬਾਕੀ)

ਪਿਛਲੇ 20 ਸਾਲਾਂ ਤੋਂ ਪ੍ਰੈਕਟਿਸ ਕਰ ਰਹੀ ਹੈ।ਉਹ ਕੌਮੀ ਤੇ ਸੂਬਾ ਪੱਧਰ 'ਤੇ ਕਈ ਤਰ੍ਹਾਂ ਦੇ ਕੇਸ ਲੜ ਚੁੱਕੀ ਹੈ।ਸਹੁੰ ਚੁੱਕਣ ਤੋਂ ਬਾਅਦ ਮਨਪ੍ਰੀਤ ਨੇ ਖ਼ੁਸ਼ੀ ਜ਼ਾਹਿਰ ਕੀਤੀ।ਟੈਕਸਸ ਸੂਬੇ ਦੇ ਪਹਿਲੇ ਦੱਖਣੀ ਏਸ਼ਿਆਈ ਜੱਜ ਤੇ ਭਾਰਤੀ-ਅਮਰੀਕੀ ਰਵੀ ਸੰਦਿਲ ਨੇ ਕਿਹਾ ਕਿ ਸਿੱਖ ਭਾਈਚਾਰੇ ਲਈ ਇਹ ਵੱਡਾ ਮੌਕਾ ਹੈ।ਹਿਊਸਟਨ ਦੇ ਮੇਅਰ ਸਿਲਵੈਸਟਰ ਟਰਨਰ ਨੇ ਕਿਹਾ ਕਿ ਵੱਖ-ਵੱਖ ਰੰਗ-ਨਸਲਾਂ ਦੇ ਲੋਕਾਂ ਲਈ ਇਹ ਮਾਣ ਕਰਨ ਵਾਲਾ ਦਿਨ ਹੈ ਕਿਉਂਕਿ ਸ਼ਹਿਰ ਦੀ ਨਸਲੀ ਭਿੰਨਤਾ ਹੁਣ ਅਦਾਲਤ ਵਿਚ ਵੀ ਨਜ਼ਰ ਆਵੇਗੀ।

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਸਿਮਰਨਜੀਤ ਮਾਨ ਵੱਲੋਂ ਕੇਂਦਰ ’ਤੇ ਸਿੱਖਾਂ ਨਾਲ ਵਿਤਕਰੇ ਦਾ ਦੋਸ਼

ਪਟਿਆਲਾ-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕੇਂਦਰ ਅਤੇ ਕੁਝ ਸੂਬਾ ਸਰਕਾਰਾਂ ’ਤੇ ਸਿੱਖਾਂ ਨਾਲ ਵਿਤਕਰਾ ਕਰਨ ਦੇ ਦੋਸ਼ ਲਾਏ ਹਨ।ਉਨ੍ਹਾਂ ਵਪਾਰ ਲਈ ਪਾਕਿਸਤਾਨ ਦੀ ਅਟਾਰੀ ਸਰਹੱਦ ਖੋਲ੍ਹਣ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਇਸ ਵਪਾਰ ਨਾਲ ਪੰਜਾਬ ਦੇ ਸਿੱਖ ਭਾਈਚਾਰੇ ਨੂੰ ਵਧੇਰੇ ਲਾਭ ਹੋਵੇਗਾ, ਇਸੇ ਕਰਕੇ ਕੇਂਦਰ ਵੱਲੋਂ ਇਸ ਦੀ ਖੁੱਲ੍ਹ ਨਹੀਂ ਦਿੱਤੀ ਜਾ ਰਹੀ। ਅੱਜ ਇੱਥੇ ਸਰਕਟ ਹਾਊਸ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ‘ਭਾਰਤ ਜੋੜੋ ਯਾਤਰਾ’ ਦੇ ਹਵਾਲੇ ਨਾਲ ਕਿਹਾ ਕਿ ਉਨ੍ਹਾਂ ਨੂੰ ਤਾਂ ਕਸ਼ਮੀਰ ਜਾਣ ਤੋਂ ਦੋ ਵਾਰ ਰੋਕ ਦਿੱਤਾ ਗਿਆ ਪਰ ਹੁਣ ਰਾਹੁਲ ਗਾਂਧੀ ਬਾਰੇ ਸਾਰੇ ਚੁੱਪ ਹਨ।ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਸਿੱਖ ਹੋਣ ਕਰਕੇ ਰੋਕਿਆ ਜਾ ਰਿਹਾ ਹੈ। ਇਸ ਦੌਰਾਨ ਉਨ੍ਹਾਂ ਸਿੱਧੂ ਮੂਸੇਵਾਲਾ ਕਤਲ ਮਾਮਲੇ ਦੀ ਜਾਂਚ ਐੱਨਆਈਏ ਨੂੰ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਕਰ ਰਹੇ ਪੰਜਾਬ ਪੁਲੀਸ ਦੇ ਅਧਿਕਾਰੀ ਡੀਜੀਪੀ ਨੂੰ ਸਵਾਲ ਨਹੀਂ ਕਰ ਸਕਣਗੇ। ਇਸ ਲਈ ਨਿਰਪੱਖ ਜਾਂਚ ਲਈ ਇਹ ਮਾਮਲਾ ਐੱਨਆਈਏ ਹਵਾਲੇ ਕੀਤੇ ਜਾਣਾ ਚਾਹੀਦਾ ਹੈ।ਕੇਂਦਰ ਸਰਕਾਰ ’ਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ’ਚ ਦਖਲ ਦੇ ਦੋਸ਼ ਦੁਹਰਾਉਂਦਿਆਂ ਮਾਨ ਨੇ ਸਾਰੀਆਂ ਗੁਰਦੁਆਰਾ ਕਮੇਟੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੋਣ ’ਤੇ ਜ਼ੋਰ ਦਿੱਤਾ।ਇਸ ਮੌਕੇ ਕੌਮੀ ਜਨਰਲ ਸਕੱਤਰ ਪ੍ਰੋ. ਮਹਿੰਦਰਪਾਲ ਸਿੰਘ, ਸ਼ਹਿਰੀ ਪ੍ਰਧਾਨ ਹਰਭਜਨ ਸਿੰਘ ਕਸ਼ਮੀਰੀ, ਦਰਸ਼ਨ ਭਾਊ ਤੇ ਹੋਰ ਆਗੂ ਹਾਜ਼ਰ ਸਨ।



# ਪੰਜਾਬੀ ਭਾਸ਼ਾ ਤਰੱਕੀਆਂ ‘ਤੇ



ਰਿਚਮਿੰਡ:-ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀਅ) ਤਕਰੀਬਨ 30 ਸਾਲ ਤੋਂ ਮਾਂ ਬੋਲੀ ਪੰਜਾਬੀ ਦੀ ਉੱਨਤੀ ਲਈ ਕੋਸ਼ਿਸ਼ਾਂ ਕਰ ਰਹੀ ਹੈ।ਸਾਡੀਆਂ ਕੋਸ਼ਿਸ਼ਾਂ ਨੂੰ ਭਾਈਚਾਰੇ ਵਿਚੋਂ ਵੀ ਕਾਫੀ ਭਰਵਾਂ ਹੁੰਗਾਰਾ ਮਿਲਦਾ ਰਿਹਾ ਹੈ।ਸਾਡੇ ਭਾਈਚਾਰੇ ਦੀ ਗਿਣਤੀ ਵਧਣ ਕਾਰਨ ਇਸ ਵੇਲੇ ਕੈਨੇਡਾ ਦੇ ਕਾਫੀ ਸ਼ਹਿਰਾਂ ਵਿਚ ਪੰਜਾਬੀ ਰੁਜਗਾਰ ਦੀ ਭਾਸ਼ਾ ਭੀ ਬਣ ਗਈ ਹੈ। ਇਸੇ ਤਰ੍ਹਾਂ ਕਾਫੀ ਸਕੂਲਾਂ ,ਕਾਲਜਾਂ ਅਤੇ ਯੂਨੀਵਰਸਟੀਆਂ ਵਿਚ ਪੰਜਾਬੀ ਦੀਆਂ ਕਲਾਸਾਂ ਚਲ ਰਹੀਆਂ ਹਨ। ਸਾਡੇ ਹਸਪਤਾਲਾਂ, ਸਿਟੀ ਹਾਲਾਂ, ਬੈਂਕਾਂ, ਕਰੈਡਿਟ ਜੂਨੀਅਨਾਂ ਅਤੇ ਕਾਰੋਬਾਰਾਂ ਵਿਚ “ਅਸੀਂ ਪੰਜਾਬੀ ਬੋਲਦੇ ਹਾਂ” ਦੇ ਸਾਈਨ ਲੱਗੇ ਹੋਏ ਹਨ।ਵੈਨਕੋਵਰ ਦੇ ਅੰਤਰਰਾਸ਼ਟਰੀ ਹਵਾਈ ਅੱਡੇ ‘ਤੇ ਭੀ ਪੰਜਾਬੀ ਵਿਚ ਲਿਖੇ ਬੋਰਡ ਪੰਜਾਬੀ ਦੀ ਸ਼ੋਭਾ ਵਧਾਉਂਦੇ ਹਨ।ਇਸ ਵਿਚ ਕੋਈ ਸ਼ਕ ਨਹੀਂ ਕਿ ਪਲੀਅ ਦੀਆਂ ਅਤੇ ਭਾਈਚਾਰੇ ਦੀਆਂ ਸਾਂਝੀਆਂ ਕੋਸ਼ਿਸ਼ਾਂ ਸਦਕਾ ਪੰਜਾਬੀ ਦੀ ਕੈਨੇਡਾ ਅਤੇ ਖਾਸ ਕਰ ਬੀ.ਸੀ. ਵਿਚ ਕਾਫੀ ਤਰੱਕੀ ਹੋਈ ਹੈ ਪਰ ਹਾਲੇ ਭੀ ਸਾਡੇ ਲਈ ਬਹੁਤ ਕੁਝ ਹੋਰ ਕਰਨ ਦੀ ਲੋੜ ਹੈ।ਪਿਛਲੇ ਕੁਝ ਦਿਨਾਂ ਵਿਚ ਵੱਖਰੇ ਵੱਖਰੇ ਦੇਸ਼ਾਂ ਤੋਂ ਸਾਡੀ ਮਾਂ ਬੋਲੀ ਪੰਜਾਬੀ ਵਾਰੇ ਕਾਫੀ ਚੰਗੀਆਂ ਖਬਰਾਂ ਆ ਰਹੀਆਂ ਹਨ।

ਸਾਡੇ ਸਥਾਨਕ ਅਖਬਾਰਾਂ ਵਿਚ ਮੁਖ ਪੰਨਿਆਂ ਉਪਰ ਇਹੋ ਜਿਹੀਆਂ ਖਬਰਾਂ ਛਪੀਆਂ ਹਨ: “ ਵਿਦੇਸ਼ ਵਿਚ ਵਧਿਆ ਪੰਜਾਬੀ ਬੋਲੀ ਦਾ ਮਾਣ: ਆਸਟਰੇਲੀਆ ਵਿਚ ਪੰਜਾਬੀ ਪਹਿਲੀਆਂ ਦਸ ਭਾਸ਼ਾਵਾਂ ਵਿਚ”।ਲੰਡਨ ਇੰਗਲੈਂਡ ਤੋਂ ਇਸੇ ਹੀ ਹਫਤੇ ਇਹ ਖਬਰ : ਪੰਜਾਬੀ ਦੇ ਭਵਿਖ ਲਈ ਪ੍ਰਵਾਸੀ ਪੰਜਾਬੀ ਚਿੰਤਤ ਅਤੇ ਯਤਨਸ਼ੀਲ ।ਸੰਸਾਰ ਪੱਧਰ ਉਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਅਨੇਕਾਂ ਪ੍ਰਕਾਰ ਦੇ ਯਤਨ ਹੋ ਰਹੇ ਹਨ।ਜਨਵਰੀ 6,2023) ਦੇ ਪ੍ਰਸਿਧ ਅਖਵਾਰ ਅਜੀਤ ਵਿਚ ਇਹ ਖਬਰ ਛਪੀ ਹੈ : ਸਰਕਾਰੀ ਅਤੇ ਨਿੱਜੀ ਅਦਾਰਿਆਂ ਦੇ ਬੋਰਡ ਪੰਜਾਬੀ ਵਿਚ ਲਗਵਾਉਣ ਸੰਬੰਧੀ ਮੁਹਿੰਮ ਦੀ ਜਲੰਧਰ ਤੋਂ ਸ਼ੁਰੂਆਤ। ਸਰਕਾਰ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਵਚਨ ਵੱਧ। ਇਹ ਬਿਆਨ ਪੰਜਾਬ ਦੇ ਉਚੇਰੀ ਸਿੱਖਿਆਂ ਅਤੇ ਭਾਸ਼ਾਵਾਂ ਵਾਰੇ ਕੈਬਿਨਿਟ ਮੰਤਰੀ ਗੁਰਮੀਤ ਸਿੰਘ (ਮੀਤ) ਹੇਅਰ ਵਲੋਂ ਜਲੰਧਰ ਵਿਖੇ ਦਿੱਤਾ ਗਿਆ। ਇਸ ਦੇ ਨਾਲ ਇਹ ਭੀ ਕਿਹਾ ਗਿਆ ਹੈ ਕਿ ਪੰਜਾਬ ਦੇ ਮੁਖ ਮੰਤਰੀ ਭਗਵੰਤ ਸਿੰਘ ਮਾਣ ਨੇ ਹੁਕਮ ਜਾਰੀ ਕੀਤੇ ਹਨ ਕਿ 21 ਫਰਵਰੀ-ਅੰਤਰਰਾਸ਼ਟਰੀ ਮਾਂ ਬੋਲੀ ਦਿਨ ਤਕ ਸਾਰੇ ਸੂਬੇ ਵਿਚ ਸਾਰੇ ਬੋਰਡਾਂ ਤੇ ਪੰਜਾਬੀ ਭਾਸ਼ਾ ਨੂੰ ਤਰਜੀਹ ਦੇਣ ਵਾਲੇ ਬੋਰਡ ਲਗਾਏ ਜਾਣ।ਇਹ ਖਬਰਾਂ ਪਲੀਅ ਅਤੇ ਪੰਜਾਬੀ ਪ੍ਰੇਮੀਆਂ ਲਈ ਬਹੁਤ ਉਤਸ਼ਾਹ ਵਧਾਉਣ ਵਾਲੀਆਂ ਹਨ। ਇਥੇ ਕੈਨੇਡਾ ਵਿਚ ਭੀ ਪਲੀਅ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਦੀਆਂ ਕੋਸ਼ਿਸ਼ਾਂ ਹਨ ਕਿ ਸਾਡੀ ਮਾਂ ਬੋਲੀ ਪੰਜਾਬੀ ਨੂੰ ਇਸ ਦੇਸ਼ ਵਿਚ ਭੀ ਵੱਧ ਤੋਂ ਵੱਧ ਮਾਣਤਾ ਮਿਲੇ। ਇਸ ਸਿਲਸਿਲੇ ਵਿਚ ਕੁਝ ਸਮਾਂ ਪਹਿਲਾਂ ਪਲੀਅ ਦੇ ਬੋਰਡ ਮੈਂਬਰਾਂ ਵਲੋਂ ਕੇਨੇਡਾ ਦੀ ਐਨ.ਡੀ. ਪੀ. ਪਾਰਟੀ ਦੇ ਨੇਤਾ ਜਗਮੀਤ ਸਿੰਘ ਨਾਲ ਮੀਟਿੰਗ ਹੋਈ ਸੀ।ਅਸੀ ਉਹਨਾਂ ਨੂੰ ਪੰਜਾਬੀ ਨੂੰ ਕੇਨੇਡਾ ਵਿਚ ਇਸ ਦਾ ਪੂਰਾ ਯੋਗ ਸਥਾਨ ਦਿਵਾਉਣ ਲਈ ਅਪੀਲ ਕੀਤੀ ਸੀ। ਆਸ ਹੈ ਕਿ ਉਹ ਇਸ ਵਾਰੇ ਪੂਰੀ ਕੋਸ਼ਿਸ਼ ਕਰਨਗੇ।ਵੈਸੇ ਭੀ ਦੇਖਿਆ ਜਾਵੇ ਤਾਂ ਇਸ ਵੇਲੇ ਕੈਨੇਡਾ ਵਿਚ ਪੰਜਾਬੀ ਕਮਿਊਨਿਟੀ ਦੀ ਬਹੁਤ ਚੜ੍ਹਤ ਹੈ। ਇਸ ਲਈ ਸਾਡੇ ਸਭ ਕੋਲ ਹੁਣ ਸਾਡੀ ਮਾਂ ਬੋਲੀ ਪੰਜਾਬੀ ਨੂੰ ਇਸ ਦੇਸ਼ ਵਿਚ ਇਸਦਾ ਯੋਗ ਸਥਾਨ ਦਿਵਾਉਣ ਲਈ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਿਰਫ ਇਹ ਹੀ ਨਹੀਂ ਆਉ ਆਪਾਂ ਸਾਰੇ ਰਲ ਮਿਲ ਕੇ ਆਪਣੀ ਮਾਂ ਬੋਲੀ ਪੰਜਾਬੀ ਦਾ ਸਿਰਫ ਕੈਨੇਡਾ ਵਿਚ ਹੀ ਨਹੀਂ ਬਲਕਿ ਹੋਰਨਾਂ ਦੇਸ਼ਾਂ ਵਿਚ ਭੀ ਮਾਣ ਵਧਾਉਣ ਲਈ ਯਤਨਸ਼ੀਲ ਹੋਈਏ। ਧੰਨਵਾਦ।

**-ਬਲਵੰਤ ਸਿੰਘ ਸੰਘੇੜਾ ਪ੍ਰਧਾਨ, ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪਲੀਅ)**

# ਪਾਕਿਸਤਾਨ ਦੀ ਮਦਦ ਲਈ ਫਿਰ ਅੱਗੇ ਆਏ ਕੈਨੇਡਾ ਤੇ ਅਮਰੀਕਾ

ਔਟਵਾ/ਵਾਸ਼ਿੰਗਟਨ:2022 ਦੀਆਂ ਗਰਮੀਆਂ ਵਿੱਚ ਹੜ੍ਹਾਂ ਦਾ ਸੰਤਾਪ ਭੋਗ ਚੁੱਕੇ ਪਾਕਿਸਤਾਨ ਦੀ ਮਦਦ ਲਈ ਕੈਨੇਡਾ ਅਤੇ ਅਮਰੀਕਾ ਇੱਕ ਵਾਰ ਫਿਰ ਅੱਗੇ ਆ ਗਏ ਨੇ।ਇਨ੍ਹਾਂ ਦੋਵਾਂ ਮੁਲਕਾਂ ਨੇ ਪਾਕਿਸਤਾਨ ਨੂੰ 125 ਮਿਲੀਅਨ ਡਾਲਰ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕਰ ਦਿੱਤਾ।


AujLawZ

Tax & Accounting Services

• Reliable • Professional • Confidential

(we provide first couple of month's service free)

*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance

*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India

Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career

Contact: Gurbachan Aujla

604-504-1657, 604-835-3693

Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca

0323



TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਪੀਡੀਐਫ਼ਏ ਕੌਮਾਂਤਰੀ ਡੇਅਰੀ ਅਤੇ ਖੇਤੀ ਐਕਸਪੋ ਜਗਰਾਉਂ ਦੀ ਧਰਤੀ ‘ਤੇ 3 ਫ਼ਰਵਰੀ ਤੋਂ



ਜਗਰਾਉਂ (ਪਰਮਜੀਤ ਸਿੰਘਗਰੇਵਾਲ) : ਪੀਡੀਐਫਏ 16 ਵਾਂ ਕੌਮਾਂਤਰੀ ਡੇਅਰੀ ਅਤੇ ਖੇਤੀ ਐਕਸਪੋ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਜਗਰਾਉਂ ਦੀ ਪਸ਼ੂ ਮੰਡੀ ਵਿਖੇ 3, 4 ਅਤੇ 5 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ।ਦੇਸ਼-ਦੁਨੀਆਂ ਦੀ ਡੇਅਰੀ ਅਤੇ ਖੇਤੀ ਕਿੱਤੇ ਨੂੰ ਅਤਿ ਆਧੁਨਿਕ ਤਕਨੀਕ ਦੇ ਹਾਣ ਦਾ ਬਣਾਉਣ ਲਈ ਦੇਸ਼ ਦੁਨੀਆ ਤੋਂ ਸੈਂਕੜੇ ਮਾਹਰ ਅਤੇ ਵਿਦੇਸ਼ੀ ਵੱਡੀਆਂ ਵੱਡੀਆਂ ਕੰਪਨੀਆਂ ਐਕਸਪੋ ਵਿਚ ਪਹੁੰਚ ਰਹੀਆਂ ਹਨ।ਅੱਜ ਪੀਡੀਐਫਏ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿਚ ਐਕਸਪੋ ਦੀ ਤਿਆਰੀਆਂ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿਚ ਫੈਸਲਾ ਹੋਇਆ ਕਿ ਇਸ ਵਾਰ ਗਾਵਾਂ ਦੇ ਦੁੱਧ ਚੁਆਈ ਮੁਕਾਬਲੇ ਵਿਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਨੂੰ ਟਰੈਕਟਰ ਦਿੱਤਾ ਜਾਵੇਗਾ।ਇਸ ਤੋਂ ਇਲਾਵਾ ਹੋਰਾਂ ਵੱਖ-ਵੱਖ ਮੁਕਾਬਲਿਆਂ ਵਿੱਚ ਲੱਖਾਂ ਰੁਪਏ ਦੇ ਇਨਾਮ ਵੰਡੇ ਜਾਣਗੇ । ਤਿੰਨ ਦਿਨ ਚੱਲਣ ਵਾਲੀ ਇਸ ਕੌਮਾਂਤਰੀ ਐਕਸਪੋ ਵਿਚ ਦੇਸ਼ ਦੁਨੀਆਂ ਦੇ ਮਾਹਰ ਡੇਅਰੀ ਅਤੇ ਖੇਤੀ ਕਿੱਤੇ ਨੂੰ ਮੁਨਾਫ਼ੇ ਲੈ ਕੇ ਜਾਣ ਦੇ ਗੁਰ ਸਾਂਝੇ ਕਰਨਗੇ। ਇਸ ਤੋਂ ਇਲਾਵਾ ਇਸ ਕਿੱਤੇ ਨਾਲ ਜੁੜਿਆਂ ਅਤਿ-ਆਧੁਨਿਕ ਮਸਿਨਰੀ ਅਤੇ ਪ੍ਰੋਡਕਟ ਦੀ ਪ੍ਰਦਰਸ਼ਨੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹਿਣਗੇ। ਤਿੰਨ ਦਿਨ ਡੇਅਰੀ ਕਿੱਤੇ ਨੂੰ ਲਾਹੇਵੰਦ ਬਣਾਉਣ ਲਈ ਅਤੇ ਇਸ ‘ਚ ਕੀ ਕੁਝ ਕੀਤਾ ਜਾ ਸਕਦਾ ਹੈ, ਸੈਮੀਨਾਰਾਂ ਰਾਹੀਂ ਜਾਗਰੂਕ ਕਰਨਗੇ। ਇਸ ਦੇ ਲਈ ਕਨੇਡਾ, ਅਮਰੀਕਾ, ਜਰਮਨ, ਡੈਨਮਾਰਕ ਦੇਸ਼ਾਂ ਤੋਂ ਮਾਹਰ ਵਿਸ਼ੇਸ਼ ਤੌਰ ਤੇ ਰਹੇ ਹਨ। ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਦੱਸਿਆ ਕਿ ਇਸ ਵਾਰ ਕੌਮਾਂਤਰੀ ਐਕਸਪੋ ਵਿਚ ਤੇ ਦੁੱਧ ਚੁਆਈ ਦੇ ਜੇਤੂ ਨੂੰ ਟਰੈਕਟਰ ਨਾਲ ਨਿਵਾਜ਼ਿਆ ਜਾਵੇਗਾ, ਉੱਥੇ ਹੋਰ ਇਨਾਮ ਵੀ ਦੁੱਗਣੇ ਕਰ ਦਿੱਤੇ ਗਏ ਹਨ।ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਇਸਡੇਅਰੀ ਐਕਸਪੋ ਵਿਚ ਵੱਡੀ ਗਿਣਤੀਵਿਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਸਮੇਂ ਪ੍ਰੈਸ ਸਕੱਤਰ ਰੇਸ਼ਮ ਸਿੰਘ ਭੁੱਲਰ ਨੇ ਦੱਸਿਆ ਕਿ ਐਕਸਪੋ ਦੀ ਤਿਆਰੀਆਂ ਜੋਰਾ ਤੇ ਸ਼ੁਰੂ ਹੋ ਚੁੱਕੀਆਂ ਹਨ। ਇਸ ਐਕਸਪੋ ਵਿਚ ਪੰਜਾਬ ਤੋਂ ਇਲਾਵਾ ਰਾਜਸਥਾਨ, ਹਰਿਆਣਾ, ਹਿਮਾਚਲ ਸਮੇਤ ਕਈ ਸੂਬਿਆਂ ਤੋਂ ਡੇਅਰੀ ਮਾਲਕ, ਪਸ਼ੂ ਪਾਲਕ ਅਤੇ ਕਿਸਾਨ ਸ਼ਿਰਕਤ ਕਰਨਗੇ। ਇਸ ਮੌਕੇ ਬਲਬੀਰ ਸਿੰਘ ਨਵਾਂਸ਼ਹਿਰ, ਰਾਜਪਾਲ ਸਿੰਘ ਕੁਲਾਰ, ਹਰਦੀਪ ਸਿੰਘ ਆਦਿ ਹਾਜਰ ਸਨ।

## ਜੀਕੇ ਖ਼ਿਲਾਫ਼ ਘਪਲੇ ਦੇ ਦੋਸ਼ ਹੇਠ ਕੇਸ ਦਰਜ

ਨਵੀਂ ਦਿੱਲੀ:-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਦਿੱਲੀ ਪੁਲੀਸ ਦੇ ਆਰਥਿਕ ਅਪਰਾਧ ਵਿੰਗ ਵੱਲੋਂ 28 ਦਸੰਬਰ 2022 ਨੂੰ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਖਿਲਾਫ 10 ਲੱਖ ਰੁਪਏ ਦੇ ਘਪਲੇ ਦਾ ਕੇਸ ਦਰਜ ਕੀਤਾ ਗਿਆ ਹੈ। ਇਹ ਕੇਸ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਦੀ ਸ਼ਿਕਾਇਤ ’ਤੇ ਦਰਜ ਕੀਤਾ ਗਿਆ ਹੈ। ਇੱਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਲਕਾ ਤੇ ਕਾਹਲੋਂ ਨੇ ਦੱਸਿਆ ਕਿ ਹੈਰਾਨੀ ਵਾਲੀ ਗੱਲ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਵਿਚ 10 ਹਜ਼ਾਰ ਤੋਂ ਵੱਧ ਦੀ ਰਕਮ ਕਿਸੇ ਨੂੰ ਵੀ ਨਗਦ ਨਹੀਂ ਦਿੱਤੇ ਜਾ ਸਕਦੀ ਪਰ ਮਨਜੀਤ ਸਿੰਘ ਜੀ. ਕੇ. ਨੇ ਪ੍ਰਧਾਨ ਹੁੰਦਿਆਂ ਗੁਰੂ ਤੇਗ ਬਹਾਦਰ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਮੁਲਾਜ਼ਮ ਹਰਜੀਤ ਸਿੰਘ ਦੇ ਨਾਂ ’ਤੇ 10 ਲੱਖ ਰੁਪਏ ਦੀ ਅਦਾਇਗੀ ਦਾ ਵੋਚਰ ਜਾਰੀ ਕੀਤਾ ਸੀ। ਉਨ੍ਹਾਂ ਦੱਸਿਆ ਕਿ ਜਦੋਂ ਕਮੇਟੀ ਨੇ ਇਸ ਮਾਮਲੇ ਵਿਚ ਸਬੰਧਤ ਹਰਜੀਤ ਸਿੰਘ ਤੋਂ ਪੁੱਛਿਆ ਤਾਂ ਉਨ੍ਹਾਂ ਸਪਸ਼ਟ ਕੀਤਾ ਕਿ ਉਸ ਨੇ ਅਜਿਹਾ ਕੋਈ ਪੈਸਾ ਨਹੀਂ ਲਿਆ। ਇਸ ਮਾਮਲੇ ਵਿਚ ਸੰਸਥਾ ਦੇ ਡਾਇਰੈਕਟਰ ਨੇ ਦੱਸਿਆ ਕਿ ਸੰਸਥਾ ਵੱਲੋਂ ਕਮੇਟੀ ਨੂੰ ਕਰੋੜਾਂ ਰੁਪਏ ਦਿੱਤੇ ਜਾਂਦੇ ਹਨ, ਅਜਿਹੇ ਵਿਚ ਇਹ ਪੈਸਾ ਕਮੇਟੀ ਸੰਸਥਾ ਨੂੰ ਕਿਵੇਂ ਦੇ ਸਕਦੀ ਹੈ। ਕਮੇਟੀ ਆਗੂਆਂ ਨੇ ਦੱਸਿਆ ਕਿ ਮਨਜੀਤ ਸਿੰਘ ਜੀਕੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਮਨਜੀਤ ਸਿੰਘ ਜੀਕੇ ਨੇ ਕਿਹਾ ਕਿ ਉਸ ਖ਼ਿਲਾਫ਼ ਸਿੱਖ ਮੁੱਦੇ ਚੁੱਕਣ ‘ਤੇ ਦਬਾਅ ਪਾਉਣ ਲਈ ਮਾਮਲੇ ਦਰਜ ਕਰਵਾਏ ਜਾ ਰਹੇ ਹਨ। ਜੀਕੇ ਨੇ ਕਿਹਾ ਕਿ ਜਿਸ ਵਿਅਕਤੀ ਤੋਂ ਸ਼ਿਕਾਇਤ ਕਰਵਾਈ ਗਈ ਉਸ ਨੂੰ ਮੁਅੱਤਲ ਕੀਤਾ ਗਿਆ ਤੇ ਫਿਰ ਬਹਾਲ ਕਰ ਦਿੱਤਾ। ਉਨ੍ਹਾਂ ਮਰਹੂਮ ਅਵਤਾਰ ਸਿੰਘ ਹਿੱਤ ਦੇ ਬਿਆਨ ਦਾ ਜ਼ਿਕਰ ਵੀ ਕੀਤਾ ਜਿਸ ਵਿੱਚ ਇਸ ਮਾਮਲੇ ਨੂੰ ਝੂਠਾ ਦੱਸਿਆ ਗਿਆ ਸੀ।

## ਜੇਲ੍ਹ ਤੋਂ ਰਿਹਾਈ ਮਗਰੋਂ ਦਲੇਰ ਮਹਿੰਦੀ ਨੇ ਬਿਆਨਿਆ ਦਰਦ ‘ਬੇਕਸੂਰ ਸਾਬਤ ਕਰਨ ‘ਚ ਲਗ ਗਏ 18 ਵਰ੍ਹੇ’

ਦਿੱਲੀ:-ਆਪਣੇ ਗੀਤਾਂ ਨਾਲ ਲੋਕਾਂ ਦਾ ਮਨੋਰੰਜਨ ਕਰਨ ਵਾਲੇ ਦਲੇਰ ਮਹਿੰਦੀ ਦਾ ਨਾਂ ਵਿਵਾਦਾਂ ਨਾਲ ਵੀ ਜੁੜਿਆ ਰਿਹਾ ਹੈ। ਉਨ੍ਹਾਂ ‘ਤੇ ਕਬੂਤਰਬਜ਼ੀ ਅਤੇ ਕਦੇ ਗੈਰ-ਕਾਨੂੰਨੀ ਤੌਰ ‘ਤੇ ਫਾਰਮ ਹਾਊਸ ਬਣਾਉਣ ਦੇ ਦੋਸ਼ ਲੱਗੇ ਹਨ। ਇਸ ਕਾਰਨ ਗਾਇਕ ਮਹਿੰਦੀ ਨੂੰ ਜੁਲਾਈ 2022 ਵਿੱਚ ਜੇਲ ਵੀ ਜਾਣਾ ਪਿਆ।

ਹਾਲਾਂਕਿ ਕੁਝ ਸਮਾਂ ਪਹਿਲਾਂ ਦਲੇਰ ਮਹਿੰਦੀ ਬੇਕੂਸਰ ਸਾਬਤ ਹੋ ਕੇ ਜੇਲ ਤੋਂ ਰਿਹਾਅ ਹੋਏ। ਦਲੇਰ ਮਹਿੰਦੀ ਨੇ ਵਿਵਾਦਾਂ ਬਾਰੇ ਪਹਿਲੀ ਵਾਰ ਆਪਣਾ ਦੁਖ ਬਿਆਂ ਕੀਤਾ।ਇੱਕ ਪ੍ਰੋਗਰਾਮ ਦੌਰਾਨ ਦਲੇਰ ਮਹਿੰਦੀ ਨੇ ਸ਼ਿਰਕਤ ਕੀਤੀ। ਦਲੇਰ ਮਹਿੰਦੀ ਨੇ ਕਿਹਾ ਮੈਂ ਆਪਣੇ ਪਰਿਵਾਰ ਦੀ ਬਦੌਲਤ ਹੀ ਇਸ ਔਖੇ ਸਮੇਂ ਤੋਂ ਉਭਰ ਕੇ ਦੁਬਾਰਾ ਖੜ੍ਹਾ ਹੋ ਸਕਿਆ ਹਾਂ। ਹਾਲਾਂਕਿ ਇਸ ਕੇਸ ਵਿੱਚੋਂ ਬਾਹਰ ਨਿਕਲਣ ਵਿੱਚ ਮੈਨੂੰ 18 ਸਾਲ ਲੱਗ ਗਏ। ਹੁਣ ਮੈਂ ਬਾਹਰ ਹਾਂ ਅਤੇ ਆਪਣੀ ਜ਼ਿੰਦਗੀ ਦੁਬਾਰਾ ਜੀ ਰਿਹਾ ਹਾਂ।

ਮੈਂ ਖੁਸ਼ਕਿਸਮਤ ਹਾਂ ਕਿ ਮੈਨੂੰ ਇੰਡਸਟਰੀ ਦਾ ਸਮਰਥਨ ਮਿਲਿਆ ਹੈ। ਜਦੋਂ ਮੇਰਾ ਪਹਿਲਾ ਗੀਤ ਬੋਲਾ ਤਾ ਰਾ ਰਾ ਹਿੱਟ ਹੋਇਆ ਤਾਂ ਮੇਰੀ ਮਾਂ ਨੇ ਕਿਹਾ ਕਿ ਇਹ ਰੱਬ ਦੀ ਮਰਜ਼ੀ ਹੈ। ਤੂੰ ਰੱਬ ਦੀ ਰਜ਼ਾ ਕਰਕੇ ਲੋਕਾਂ ਵਿੱਚ ਮਸ਼ਹੂਰ ਹੋ ਰਿਹਾ ਹੈਂ। ਇਸੇ ਤਰ੍ਹਾਂ, ਜਦੋਂ ਮੈਂ ਆਪਣੇ ਕਰੀਅਰ ਵਿੱਚ ਗਿਰਾਵਟ ਦੇਖੀ ਤਾਂ ਮੇਰੇ ਦਿਮਾਗ ਵਿੱਚੋਂ ਇੱਕ ਆਵਾਜ਼ ਆਈ ਕਿ ਇਹ ਵੀ ਰੱਬ ਦੀ ਮਰਜ਼ੀ ਹੈ।

## (ਮੁੱਖ ਪੰਨੇ ਦੀ ਬਾਕੀ)

ਦੀ ਹੱਤਿਆ ਦਾ ਕਾਰਨ ਬਣੀਆਂ ਸਨ। ਜਦੋਂ 2015 ਵਿਚ ਸ੍ਰੀ ਗਿੱਲ ਦਾ ਜਵਾਈ ਕੈਨੇਡਾ ਆਇਆ ਸੀ ਤਾਂ ਉਨ੍ਹਾਂ ਉਸ ਕੋਲੋਂ ਵੀ ਮੁਆਫ਼ੀ ਮੰਗੀ ਸੀ।ਸਮਾਗਮ ਦੌਰਾਨ ਬ੍ਰਿਟਿਸ਼ ਕੋਲੰਬੀਆ ਦੀ ਸਿੱਖਿਆ ਤੇ ਬਾਲ ਸੰਭਾਲ ਮੰਤਰੀ ਰਚਨਾ ਸਿੰਘ, ਕੁਲੀਸ਼ਨ ਅਗੇਂਸਟ ਬਿਗਟਰੀ ਦੇ ਕੋ-ਫਾਊਂਡਰ ਤੇ ਸ੍ਰੀ ਗਿੱਲ ਬਾਰੇ ਦਸਤਾਵੇਜ਼ੀ ਬਣਾਉਣ ਵਾਲੇ ਇਮਤਿਆਜ਼ ਪੋਪਟ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ, ਜਨਰਲ ਸਕੱਤਰ ਭੁਪਿੰਦਰ ਸਿੰਘ ਹੋਠੀ ਤੇ ਸਕੱਤਰ ਗੁਰਮੀਤ ਸਿੰਘ ਤੂਰ ਨੇ ਵੀ ਸੰਬੋਧਨ ਕੀਤਾ।ਸਮਾਗਮ ਵਿਚ ਹੈਰੀ ਬੈਂਸ, ਕਮਿਊਨਿਟੀ ਕਾਰਕੁਨ ਪਰਮਿੰਦਰ ਕੌਰ ਸਵੈਚ ਤੇ ਹਰਮੇਲ ਸੁੰਨੜ ਵੀ ਹਾਜ਼ਰ ਸਨ।

## ਕੌਮੀ ਸ਼ਹੀਦ ਭਾਈ ਸਤਵੰਤ ਸਿੰਘ ਤੇ ਸ਼ਹੀਦ ਭਾਈ ਕੇਹਰ ਸਿੰਘ ਦੀ ਯਾਦ ‘ਚ ਸ਼ਹੀਦੀ ਸਮਾਗਮ



ਫਰੈਂਕਫਰਟਰੀ (ਸੰਦੀਪ ਕੌਰ ਮਿਆਣੀ)-ਗੁਰਦੁਆਰਾ ਸਿੱਖ ਸਟੈਰ ਫਰੈਂਕਫਰਟ ਦੀਆਂ ਸੰਗਤਾਂ ਵਲੋਂ ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ ਤੇ ਸ਼ਹੀਦ ਭਾਈ ਕੇਹਰ ਸਿੰਘ ਦੀ ਯਾਦ ਨੂੰ ਸਮਰਪਿਤ ਵਿਸ਼ੇਸ਼ ਦੀਵਾਨ ਸਜਾਏ ਗਏ। ਜਿਸ ਵਿਚ ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥਿਆਂ ਨੇ ਇਲਾਹੀ ਗੁਰਬਾਣੀ ਦਾ ਰਸ-ਭਿੰਨਾ ਕੀਰਤਨ ਤੇ ਭਾਈ ਚਮਕੌਰ ਸਿੰਘ ਸਭਰਾ ਤੇ ਭਾਈ ਕੁਲਵਿੰਦਰ ਸਿੰਘ ਸਭਰਾ ਦੇ ਕਵੀਸ਼ਰੀ ਜਥੇ ਨੇ ਸ਼ਹੀਦਾਂ ਪ੍ਰਥਾਏ ਸ਼ਹੀਦੀ ਵਾਰਾਂ ਸਰਵਣ ਕਰਵਾਈਆਂ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਗੁਰਦਿਆਲ ਸਿੰਘ ਲਾਲੀ, ਭਾਈ ਦਵਿੰਦਰ ਸਿੰਘ ਘਲੋਟੀ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਣ ਕੀਤੇ। ਗੁਰਦੁਆਰਾ ਸਾਹਿਬ ਵਲੋਂ ਜੂਨ 84 ਦੇ ਹਮਲੇ ਤੋਂ ਬਾਅਦ ਬੈਰਕਾਂ ਛੱਡਣ ਵਾਲੇ ਧਰਮੀ ਫ਼ੌਜੀਆਂ ਵਿਚ ਭਾਈ ਪ੍ਰਿਥੀਪਾਲ ਸਿੰਘ ਐਡਵੋਕੇਟ ਦਾ ਵਿਸ਼ੇਸ਼ ਤੌਰ ‘ਤੇ ਸਨਮਾਨ ਕੀਤਾ ਗਿਆ । ਇਸ ਮੌਕੇ ਭਾਈ ਗੁਰਚਰਨ ਸਿੰਘ ਨੇ ਸੰਗਤਾਂ ਨੂੰ ਕੌਮੀ ਇਨਸਾਫ਼ ਮੋਰਚੇ ਨੂੰ ਸਹਿਯੋਗ ਕਰਨ ਦੀ ਅਪੀਲ ਕੀਤੀ।

T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333



GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

# ਆਸਟ੍ਰੇਲੀਆ ਵਿਚ ਰੈਫਰੈਂਡਮ 29 ਜਨਵਰੀ ਨੂੰ:ਰੈਫਰੈਡਮ ਲਈ ਲਾਏ ਬੋਰਡਾਂ ਦੀ ਭੰਨ ਤੋੜ



ਮੈਲਬੌਰਨ:-ਆਸਟ੍ਰੇਲੀਆ ਵਿਚ ਹੋਣ ਵਾਲੇ ਖਾਲਿਸਤਾਨ ਰੈਫਰੈਂਡਮ ਜੋ ਕਿ 29 ਜਨਵਰੀ, 2023 ਨੂੰ ਰੋਕਣ ਲਈ ਭਾਰਤੀ ਅਧਿਕਾਰੀਆਂ ਦੀ ਆਸਟ੍ਰੇਲੀਆਈ ਅਧਿਕਾਰੀਆਂ ਨਾਲ ਗੱਲਬਾਤ ਚੱਲ ਰਹੀ ਹੈ।ਸਿਖਸ ਫਾਰ ਜਸਟਿਸ ਵੱਲੋਂ ਖਾਲਿਸਤਾਨ ਰੈਫਰੈਂਡਮ ਦੀ ਮੁਹਿੰਮ ਤਹਿਤ ਲਾਏ ਜਾ ਰਹੇ ਬੈਨਰਾਂ 'ਤੇ ਹਿੰਦੂ ਭਾਈਚਾਰੇ ਨੇ ਵੀ ਇਤਰਾਜ਼ ਜਤਾਇਆ ਹੈ।ਸਿਖਸ ਫਾਰ ਜਸਟਿਸ ਵੱਲੋਂ ਲਾਏ ਬੈਨਰਾਂ ਵਿੱਚ ਸਿੱਖ ਆਗੂਆਂ ਸਤਵੰਤ ਸਿੰਘ, ਕੇਹਰ ਸਿੰਘ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਹਨ। ਸਿੱਖ, ਸਤਵੰਤ ਸਿੰਘ ਅਤੇ ਕੇਹਰ ਸਿੰਘ ਨੂੰ 1984 ਵਿੱਚ ਉਸ ਸਮੇਂ ਦੀ ਭਾਰਤੀ ਪ੍ਰਧਾਨ ਮੰਤਰੀ, ਇੰਦਰਾ ਗਾਂਧੀ ਦੀ ਹੱਤਿਆ ਕਰਨ ਲਈ ਆਪਣੇ ਹੀਰੋ ਮੰਨਦੇ ਹਨ, ਜੋ ਕਿ ਉਸ ਸਾਲ ਸਭ ਤੋਂ ਪਵਿੱਤਰ ਸਿੱਖ ਧਰਮ ਅਸਥਾਨ-ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੇ ਖਿਲਾਫ ਸਾਕਾ ਨੀਲਾ ਤਾਰਾ ਦਾ ਬਦਲਾ ਲੈਣ ਦੀ ਕੋਸ਼ਿਸ਼ ਵਿੱਚ ਸਨ। ਦਮਦਮੀ ਟਕਸਾਲ ਦੇ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜੂਨ 1984 ਵਿੱਚ ਬਲੂ ਸਟਾਰ ਅਪਰੇਸ਼ਨ ਦੌਰਾਨ ਸ਼ਹੀਦ ਹੋ ਗਏ ਸਨ। ਸਤਵੰਤ ਸਿੰਘ ਅਤੇ ਕੇਹਰ ਸਿੰਘ ਨੂੰ ਇੰਦਰਾ ਗਾਂਧੀ ਕਤਲ ਕੇਸ ਵਿੱਚ ਭਾਰਤ ਸਰਕਾਰ ਨੇ 06 ਜਨਵਰੀ, 1989 ਨੂੰ ਫਾਂਸੀ ਦੇ ਦਿੱਤੀ ਸੀ।ਆਸਟ੍ਰੇਲੀਆ ਦੇ ਸਿੱਖ ਭਾਈਚਾਰੇ ਨੇ ਸਤਵੰਤ ਸਿੰਘ ਅਤੇ ਕੇਹਰ ਸਿੰਘ ਦੇ 34ਵੇਂ "ਸ਼ਹੀਦੀ ਦਿਵਸ" ਦੇ ਸਬੰਧ ਵਿੱਚ 15 ਜਨਵਰੀ ਨੂੰ ਮੈਲਬੌਰਨ ਵਿੱਚ ਕਾਰ ਰੈਲੀ ਕਰਨ ਦੀ ਯੋਜਨਾ ਬਣਾਈ ਹੈ।ਸੋਸ਼ਲ ਮੀਡੀਆ ਪੋਸਟ ਨੇ ਆਸਟ੍ਰੇਲੀਆਈ ਹਿੰਦੂ ਭਾਈਚਾਰੇ ਨੂੰ ਬਹੁਤ ਨਾਰਾਜ਼ ਕੀਤਾ ਹੈ, ਜਿਸ ਨੇ ਉਦੋਂ ਤੋਂ ਅਸਟਰੇਲੀਆ ਦੀ ਸਰਕਾਰ ਕੋਲ ਪਹੁੰਚ ਕੀਤੀ ਹੈ ਅਤੇ ਮੰਗ ਕੀਤੀ ਹੈ ਕਿ 29 ਜਨਵਰੀ, 2023 ਨੂੰ ਹੋਣ ਵਾਲੀ ਖਾਲਿਸਤਾਨ ਰੈਫਰੈਂਡਮ ਵੋਟਿੰਗ 'ਤੇ ਪਾਬੰਦੀ ਲਗਾਈ ਜਾਵੇ।ਮੈਲਬੌਰਨ ਵਿੱਚ ਆਸਟ੍ਰੇਲੀਅਨ ਸਿੱਖਾਂ ਵੱਲੋਂ ਲਗਾਏ ਗਏ ਖਾਲਿਸਤਾਨ ਰੈਫਰੈਂਡਮ ਬੈਨਰਾਂ ਵਿੱਚ ਸਤਵੰਤ ਸਿੰਘ ਅਤੇ ਕੇਹਰ ਸਿੰਘ ਦੇ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਵੀ ਹਨ।ਇਨ੍ਹਾਂ ਪੋਸਟਰਾਂ ਦੀ ਕਥਿਤ ਤੌਰ 'ਤੇ ਭੰਨਤੋੜ ਕੀਤੀ ਗਈ ਹੈ, ਅਤੇ ਤਿੰਨ ਸਿੱਖ 'ਨਾਇਕਾਂ' ਦੀਆਂ ਤਸਵੀਰਾਂ ਨੂੰ ਵਿਗਾੜ ਦਿੱਤਾ ਗਿਆ ਹੈ, ਜਿਸ ਦੇ ਸਿੱਟੇ ਵਜੋਂ ਸਿੱਖ ਭਾਈਚਾਰੇ ਨੇ ਅਧਿਕਾਰੀਆਂ ਕੋਲ ਭੰਨਤੋੜ ਅਤੇ ਨਫ਼ਰਤ ਦੀਆਂ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਹਨ।ਜ਼ਿਕਰਯੋਗ ਹੈ ਕਿ ਭਾਰਤ ਖਾਲਿਸਤਾਨ ਰੈਫਰੈਂਡਮ ਨੂੰ ਲੈ ਕੇ ਆਸਟ੍ਰੇਲੀਆ ਸਰਕਾਰ ਕੋਲ ਵਾਰ-ਵਾਰ ਆਪਣਾ ਵਿਰੋਧ ਦਰਜ਼ ਕਰਵਾ ਚੁੱਕਾ ਹੈ।ਆਸਟ੍ਰੇਲੀਆ ਸਰਕਾਰ ਨੇ ਖਾਲਿਸਤਾਨ ਰੈਫਰੈਂਡਮ ਮੁਹਿੰਮ 'ਤੇ ਰੋਕ ਲਗਾਉਣ ਲਈ ਕੋਈ ਕਦਮ ਨਹੀਂ ਚੁੱਕਿਆ ।ਭਾਰਤੀ ਮੀਡੀਆ ਵਿੱਚ ਵੀ ਖਬਰਾਂ ਹਨ ਕਿ ਆਸਟ੍ਰੇਲੀਆਈ ਸਰਕਾਰ ਨੇ ਸਿੱਖਸ ਫਾਰ ਜਸਟਿਸ ਵੱਲੋਂ 29 ਜਨਵਰੀ ਨੂੰ ਹੋਣ ਵਾਲੇ ਜਨਮਤ ਸੰਗ੍ਰਹਿ ਵਿਰੁੱਧ ਕੋਈ ਠੋਸ ਕਦਮ ਨਹੀਂ ਚੁੱਕੇ ਹਨ।ਚੇਤੇ ਰਹੇ ਪਿਛਲੇ ਮਹੀਨੇ ਆਸਟ੍ਰੇਲੀਆ ਦੇ ਕਈ ਸੰਸਦ ਮੈਂਬਰਾਂ ਨੇ ਖਾਲਿਸਤਾਨ ਰਾਇਸ਼ੁਮਾਰੀ ਦੀ ਤਿਆਰੀ ਕਰ ਰਹੇ ਸਥਾਨਕ ਸਿੱਖ ਭਾਈਚਾਰੇ ਨਾਲ ਇਕਮੁੱਠਤਾ ਪ੍ਰਗਟ ਕੀਤੀ।ਕਈ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਸਿੱਖ ਕੌਮ ਨੂੰ ਸ਼ਾਂਤਮਈ ਢੰਗ ਨਾਲ ਵੋਟਿੰਗ ਰਾਹੀਂ ਪ੍ਰਗਟਾਉਣ ਦੇ ਅਧਿਕਾਰ ਦੀ ਪੂਰੀ ਹਮਾਇਤ ਕਰਦੇ ਹੋਏ ਸਿੱਖ ਕੌਮ ਨੂੰ ਸਮਰਥਨ ਦਿੱਤਾ ਹੈ।

ਮੈਕਈਵਨ ਦੇ ਫੈਡਰਲ ਮੈਂਬਰ ਰੌਬ ਮਿਸ਼ੇਲ ਐਮਪੀ ਨੇ ਇੱਕ ਪੱਤਰ ਵਿੱਚ ਕਿਹਾ ਹੈ ਕਿ ਉਹ ਮੈਲਬੌਰਨ ਵਿੱਚ ਸਿੱਖ ਭਾਈਚਾਰੇ ਬਾਰੇ 'ਦ ਆਸਟ੍ਰੇਲੀਅਨ 'ਵਿੱਚ ਹਾਲ ਹੀ ਦੇ ਲੇਖਾਂ ਤੋਂ ਨਿਰਾਸ਼ ਹਨ। ਉਨ੍ਹਾਂ ਕਿਹਾ, ਯਕੀਨ ਰੱਖੋ ਕਿ ਇਹ ਲੇਖ ਕਿਸੇ ਵੀ ਤਰ੍ਹਾਂ ਸਿੱਖ ਕੌਮ ਪ੍ਰਤੀ ਸਾਡੇ ਨਜ਼ਰੀਏ ਨੂੰ ਦਰਸਾਉਂਦੇ ਨਹੀਂ ਹਨ। ਆਸਟ੍ਰੇਲੀਆ ਵਿਭਿੰਨਤਾ ਅਤੇ ਸ਼ਮੂਲੀਅਤ ਦੀ ਕਦਰ ਕਰਦਾ ਹੈ, ਸ਼ਾਂਤਮਈ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦੇ ਵਿਅਕਤੀਆਂ ਦੇ ਅਧਿਕਾਰ ਦਾ ਸਨਮਾਨ ਕਰਦਾ ਹੈ ਅਤੇ ਵਿਚਾਰਾਂ ਅਤੇ ਵਿਸ਼ਵਾਸਾਂ ਦੇ ਅਹਿੰਸਕ ਪ੍ਰਗਟਾਵੇ ਦਾ ਸਮਰਥਨ ਕਰਦਾ ਹੈ, ਉਸਨੇ ਕਿਹਾ, ਪ੍ਰਗਟਾਵੇ ਦੀ ਆਜ਼ਾਦੀ ਖੁੱਲੇ ਅਤੇ ਜਮਹੂਰੀ ਸਮਾਜਾਂ ਵਿੱਚ ਬੁਨਿਆਦੀ ਹੈ।ਡੇਵਿਡ ਸ਼ੋਬ੍ਰਿਜ, ਨਿਊ ਸਾਊਥ ਵੇਲਜ਼ ਦੇ ਸੈਨੇਟਰ ਅਤੇ ਸੈਨੇਟਰ ਜੋਰਡਨ ਸਟੀਲ-ਜੌਨ ਨੇ ਕਿਹਾ ਕਿ ਦਿ ਆਸਟ੍ਰੇਲੀਅਨ ਨੇ 6 ਦਸੰਬਰ, 2022 ਨੂੰ ਇੱਕ ਲੇਖ ਪ੍ਰਕਾਸ਼ਿਤ ਕੀਤਾ ਜਿਸ ਵਿੱਚ ਵਿਦੇਸ਼ੀ ਭਾਰਤੀ ਨੂੰ ਆਸਟ੍ਰੇਲੀਆ ਵਿੱਚ ਸਿੱਖ ਭਾਈਚਾਰੇ 'ਤੇ ਹਮਲਾ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਉਨ੍ਹਾਂ ਕਿਹਾ, ਇਹ ਹਮਲੇ ਕਿਸੇ ਵੀ ਸਬੂਤ ਦੇ ਆਧਾਰ 'ਤੇ ਨਹੀਂ ਹਨ। "ਸਾਡੇ ਅਫਸਰਾਂ ਨੇ ਸਿੱਖ ਭਾਈਚਾਰੇ ਤੋਂ ਸੁਣਿਆ ਹੈ ਜੋ ਇਸ ਲੇਖ ਦੀ ਸਮੱਗਰੀ ਤੋਂ ਨਾਰਾਜ਼ ਅਤੇ ਪਰੇਸ਼ਾਨ ਹਨ। ਉਸਨੇ ਕਿਹਾ ਕਿ ਸਿੱਖ ਭਾਈਚਾਰੇ ਦਾ ਸਕਾਰਾਤਮਕ ਸ਼ਾਂਤੀਪੂਰਨ ਭਾਈਚਾਰਕ ਸਮਰਥਨ, ਭਾਈਚਾਰਕ ਪਹੁੰਚ ਅਤੇ ਸਾਡੇ ਬਹੁ-ਜਾਤੀ ਭਾਈਚਾਰੇ ਲਈ ਸਰਗਰਮ ਯੋਗਦਾਨ ਦਾ ਮਾਣਮੱਤਾ ਇਤਿਹਾਸ ਹੈ, "।ਲੀਚਹਾਰਟ ਦੇ ਫੈਡਰਲ ਮੈਂਬਰ, ਵਾਰੇਨ ਐਂਟਸ਼ ਨੇ ਕਿਹਾ ਕਿ ਅਖਬਾਰ ਵਿੱਚ ਸਿੱਖਾਂ ਵਿਰੁੱਧ ਪ੍ਰਕਾਸ਼ਿਤ ਟਿੱਪਣੀਆਂ ਨੇ "ਆਸਟ੍ਰੇਲੀਆ ਵਿੱਚ ਸਿੱਖ ਭਾਈਚਾਰੇ ਦੀ ਸਾਖ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ। "ਭਾਰਤ ਸਰਕਾਰ ਦੁਆਰਾ ਉਠਾਈਆਂ ਗਈਆਂ ਚੇਤਾਵਨੀਆਂ ਦੀ ਰਿਪੋਰਟਿੰਗ ਇੱਥੇ ਆਸਟਰੇਲੀਆ ਵਿੱਚ ਸਥਿਤੀ ਦੀ ਅਸਲੀਅਤ ਨੂੰ ਸਹੀ ਰੂਪ ਵਿੱਚ ਨਹੀਂ ਦਰਸਾਉਂਦੀ ਹੈ।ਆਸਟ੍ਰੇਲੀਆ ਵਿੱਚ ਸਿੱਖ ਭਾਈਚਾਰਾ ਸ਼ਾਂਤਮਈ ਅਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਲੋਕਾਂ ਦਾ ਸਮੂਹ ਹੈ ਜਿਨ੍ਹਾਂ ਨੇ ਸਾਡੇ ਸਥਾਨਕ ਭਾਈਚਾਰਿਆਂ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ।







# ਕੀ ਬੇਅਦਬੀ ਦੇ ਇਨਸਾਫ਼ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ਼ ਮੋਰਚੇ ਨੂੰ ਕਾਮਯਾਬੀ ਮਿ.ਲੇਗੀ ਜਾਂ ਫਿਰ...?

ਸਰਬੱਤ ਖ਼ਾਲਸਾ ਵੱਲੋਂ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਅਪੀਲ ’ਤੇ ਗੁਰੂ ਸਾਹਿਬ ਦੀ ਬੇਅਦਬੀ ਦੇ ਇਨਸਾਫ਼ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਮੁੜ ਭਖ਼ ਗਿਆ ਹੈ। 7 ਜਨਵਰੀ 2023 ਨੂੰ ਪੰਥਕ ਜਥੇਬੰਦੀਆਂ ਨੇ ਵਿਸ਼ਾਲ ਇਕੱਠ ਕਰਕੇ ਗੁਰਦੁਆਰਾ ਅੰਬ ਸਾਹਿਬ (ਮੋਹਾਲੀ) ਤੋਂ ਚੰਡੀਗੜ੍ਹ ਵਿੱਚ ਸਥਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕੋਠੀ ਵੱਲ ਮਾਰਚ ਲੈ ਕੇ ਕੂਚ ਕੀਤਾ ਤੇ ਪੰਜਾਬ-ਚੰਡੀਗੜ੍ਹ ਸਰਹੱਦ ਉੱਤੇ ਪੱਕਾ ਕੌਮੀ ਇਨਸਾਫ਼ ਮੋਰਚਾ ਲਾ ਦਿੱਤਾ। ਮੋਰਚੇ ਦੇ ਆਗੂਆਂ ਵੱਲੋਂ ਜਾਰੀ ਪੋਸਟਰ ’ਚ ਚਾਰ ਮੁੱਦੇ ਲਿਖੇ ਗਏ ਹਨ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਇਨਸਾਫ਼ ਲਈ, ਲਾਪਤਾ 328 ਪਾਵਨ ਸਰੂਪਾਂ ਦੇ ਇਨਸਾਫ਼ ਲਈ, ਕੌਮ ਖਾਤਰ ਲੜੇ ਬੰਦੀ ਸਿੰਘਾਂ ਦੀ ਰਿਹਾਈ ਇਨਸਾਫ਼ ਲਈ ਅਤੇ ਕੋਟਕਪੂਰਾ ਤੇ ਬਹਿਬਲਾਂ ਕਲਾਂ ਗੋ.ਲੀ ਕਾਂਡ ਦੇ ਇਨਸਾਫ਼ ਲਈ।

ਕੀ ਗੁਰੂ ਸਾਹਿਬ ਦੀਆਂ ਬੇਅਦਬੀਆਂ ਦੇ ਇਨਸਾਫ਼ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਅਪੀਲ ’ਤੇ ਸ਼ੁਰੂ ਕੀਤੇ ਜਾ ਰਹੇ ਕੌਮੀ ਇਨਸਾਫ਼ ਮੋਰਚੇ ਨੂੰ ਕਾਮਯਾਬੀ ਮਿ.ਲੇਗੀ ਜਾ ਫਿਰ ? ਇਹ ਸਵਾਲ ਤਾਂ ਕੀਤਾ ਜਾ ਰਿਹਾ ਹੈ ਕਿਉਂਕਿ ਤਿੰਨ ਬੱਬਿਆਂ ਭਾਵ ਬੇਅਦਬੀਆਂ, ਬੰਦੀ ਸਿੰਘਾਂ ਦੀਆਂ ਰਿਹਾਈਆਂ ਅਤੇ ਬਹਿਬਲ ਕਲਾਂ ਦੇ ਇਨਸਾਫ਼ ਲਈ ਪਹਿਲਾਂ ਵੀ ਕਈ ਮੋਰਚੇ ਅਤੇ ਸੰਘਰਸ਼ ਲੜੇ ਜਾ ਚੁੱਕੇ ਹਨ, ਲੇਕਿਨ ਅਖ਼ੀਰ ’ਤੇ ਸਿੱਖ ਸੰਗਤਾਂ ਦੇ ਪੱਲੇ ਨਿਰਾਸ਼ਾ ਹੀ ਪਈ। ਸਿੱਖ ਆਗੂਆਂ ਵੱਲੋਂ ਕੌਮ ਨਾ.ਲ ਕੀਤੇ ਧ੍ਰੋਹ, ਵਿਖਾਈਆਂ ਕਮਜ਼ੋਰੀਆਂ, ਕੀਤੀਆਂ .ਗਲਤੀਆਂ ਤੇ ਸਰਕਾਰ ਉੱਤੇ ਕੀਤੇ ਭਰੋਸੇ ਕਾਰਨ ਵੱਡੇ-ਵੱਡੇ ਸੰਘਰਸ਼ ਅਰਸ਼ੋਂ ਫਰਸ਼ ’ਤੇ ਆ ਡਿੱਗੇ ਹਨ।



ਬੰਦੀ ਸਿੰਘਾਂ ਦੀ ਰਿਹਾਈ ਲਈ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਨੇ ਗੁ. ਅੰਬ ਸਾਹਿਬ (ਮੋਹਾਲੀ) ਤੇ ਫਿਰ ਗੁ. ਲਖਨੌਰ ਸਾਹਿਬ (ਹਰਿਆਣਾ) ਵਿਖੇ ਭੁੱਖ ਹੜਤਾਲ ਰਾਹੀਂ ਸੰਘਰਸ਼ ਅਰੰਭਿਆ ਸੀ ਤੇ ਕੌਮ ਨੇ ਉਹਨਾਂ ਦਾ ਭਰਪੂਰ ਸਾਥ ਦਿੱਤਾ ਪਰ ਉਹ ਥਿੜਕ ਗਏ ਜਿਸ ਨਾ.ਲ ਸੰਗਤ ਦੀ ਹਮਾਇਤ ਟੁੱਟ ਗਈ ਤੇ ਤੀਜੀ ਵਾਰ ਉਹ ਖ਼ੁਦ ਹੀ ਆਪਣੀ ਜਾਨ ਵਾਰ ਗਏ। ਬਾਪੂ ਸੂਰਤ ਸਿੰਘ ਖ਼ਾਲਸਾ ਵੱਲੋਂ ਵੀ ਆਪਣੇ ਪਿੰਡ ਹਸਨਪੁਰਾ (ਲੁਧਿਆਣਾ) ’ਚ ਭੁੱਖ ਹੜਤਾਲ ਰਾਹੀਂ ਸੰਘਰਸ਼ ਅਰੰਭਿਆ ਗਿਆ ਜਿਸ ਨੇ ਬੁਲੰਦੀਆਂ ਨੂੰ ਛੋਹਿਆ। ਹੁਣ ਬਾਪੂ ਜੀ ਕਾਫ਼ੀ ਲੰਮੇ ਸਮੇਂ ਤੋਂ ਲੁਧਿਆਣਾ ਦੇ ਡੀ.ਐੱਮ.ਸੀ. ਹਸਪਤਾਲ ’ਚ ਨਜ਼ਰਬੰਦ ਹਨ, ਭਾਵੇਂ ਕਿ ਉਹਨਾਂ ਦੀ ਭੁੱਖ ਹੜਤਾਲ ਜਾਰੀ ਹੈ ਪਰ ਸੰਘਰਸ਼ ਲੀਹੋਂ-ਲੱਥ ਚੁੱਕਾ ਹੈ ਤੇ ਕਿਤੇ-ਕਿਤੇ ਕਿਸੇ ਜਥੇਬੰਦੀ ਦਾ ਆਗੂ ਉਹਨਾਂ ਨੂੰ ਮਿ.ਲ ਆਉਂਦਾ ਹੈ।

ਸਰਬੱਤ ਖ਼ਾਲਸਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਥਾਪੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਵੀ ਤਿੰਨ ਮੰਗਾਂ ਬਰਗਾੜੀ ਬੇਅਦਬੀ, ਬੰਦੀ ਸਿੰਘਾਂ ਦੀ ਰਿਹਾਈ ਤੇ ਬਹਿਬਲ ਗੋ.ਲੀ ਕਾਂਡ ਦੇ ਇਨਸਾਫ਼ ਲਈ ਬਰਗਾੜੀ (ਫਰੀਦਕੋਟ) ’ਚ ਮੋਰਚਾ ਸ਼ੁਰੂ ਕੀਤਾ ਸੀ ਜੋ ਛੇ ਮਹੀਨੇ ਤਕ ਚਲਦਾ ਰਿਹਾ ਤੇ ਓਥੇ ਹਰ ਰੋਜ਼ ਸੰਗਤਾਂ ਦਾ ਤਾਂਤਾ ਲੱਗਾ ਰਹਿੰਦਾ ਸੀ ਤੇ ਇਸ ਮੋਰਚੇ ਨੇ ਕਾਫ਼ੀ ਪ੍ਰਾਪਤੀਆਂ ਵੀ ਝੋ.ਲੀ ਵਿੱਚ ਪਵਾਈਆਂ ਜਿਸ ਨੇ ਪੰਜਾਬ ਦੀ ਸਿਆਸਤ ’ਚ ਵੱਡਾ ਭੁਚਾਲ ਲੈ ਆਂਦਾ। ਬਾਦਲ ਅਤੇ ਕੈਪਟਨ ਦੀਆਂ ਰੈ.ਲੀਆਂ ਦੇ ਇਕੱਠਾਂ ਨੂੰ ਵੀ ਇਸ ਮੋਰਚੇ ਦੇ ਰਿਕਾਰਡਤੋੜ ਇਕੱਠ ਨੇ ਪਛਾੜ ਦਿੱਤਾ, ਸੂਬਾ ਸਰਕਾਰ ਦੇ ਗਲ ’ਚ ਅੰਗੂਠਾ ਦਿੱਤਾ ਲੇਕਿਨ ਇਹ .ਫਤਹਿ ਹੋਣ ਤੋਂ ਪਹਿਲਾਂ ਹੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਕਾਹਲੀ ਨਾ.ਲ ਮੋਰਚਾ ਚੁੱਕ ਦਿੱਤਾ ਜਿਸ ਨਾ.ਲ ਉਹਨਾਂ ਦਾ ਵੱਕਾਰ ਵੀ ਡਿੱਗ ਪਿਆ ਤੇ ਸਿੱਖ ਸੰਗਤਾਂ ’ਚ ਐਨੀ ਜ਼ਿਆਦਾ ਨਿਰਾਸ਼ਾ ਫੈਲ ਗਈ ਜਿਸ ਦੀ ਭਰਪਾਈ ਕਰਨੀ ਬੇਹੱਦ ਔਖੀ ਸੀ। ਪਰ ਉਸ ਮਗਰੋਂ ਕਿਸਾਨ ਸੰਘਰਸ਼ ’ਚ ਤੇਜੀ ਆਉਣ ਕਾਰਨ ਤੇ ਭਾਈ ਸੰਦੀਪ ਸਿੰਘ ਦੀਪ ਸਿੱਧੂ ਦੇ ਉਭਾਰ ਕਾਰਨ ਪੰਜਾਬ ਦੀ ਨੌਜਵਾਨੀ ਮੁੜ ਉੱਠੀ ਤੇ ਦਿੱਲੀ ਦੇ ਬਾਰਡਰਾਂ ’ਤੇ ਜਾ ਮੋਰਚੇ ਲਾਏ।

ਹੁਣ 1 ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਕਿ ਬਹਿਬਲ ਕਲਾਂ ’ਚ ਸ਼ਹੀਦ ਭਾਈ ਕ੍ਰਿਸ਼ਨ ਭਗਵਾਨ ਸਿੰਘ ਦੇ ਸਪੁੱਤਰ ਭਾਈ ਸੁਖਰਾਜ ਸਿੰਘ ਨਿਆਮੀਵਾ.ਲਾ ਵੱਲੋਂ ਬੇਅਦਬੀ ਦੇ ਇਨਸਾਫ਼ ਲਈ ਮੋਰਚਾ ਚਲਾਇਆ ਜਾ ਰਿਹਾ ਹੈ। ਐੱਮ.ਪੀ. ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਵੀ ਬਰਗਾੜੀ ਬੇਅਦਬੀ ਅਤੇ ਬਹਿਬਲ ਗੋ.ਲੀ ਕਾਂਡ ਦੇ ਇਨਸਾਫ਼ ਲਈ ਰੋਜ਼ਾਨਾ ਪੰਜ-ਦਸ ਸਿੰਘਾਂ ਵੱਲੋਂ ਗ੍ਰਿਫਤਾਰੀਆਂ ਦਿੱਤੀਆਂ ਜਾਂਦੀਆਂ ਹਨ। ਲੁਧਿਆਣਾ ਦੇ ਸਰਾਭਾ ਪਿੰਡ ’ਚ ਭਾਈ ਬਲਦੇਵ ਸਿੰਘ ਦੇਵ ਸਰਾਭਾ ਵੱਲੋਂ ਵੀ ਬੰਦੀ ਸਿੰਘਾਂ ਦੀ ਰਿਹਾਈ ਲਈ ਮੋਰਚਾ ਚਲ ਰਿਹਾ ਹੈ।

ਪੰਥਕ ਜਥੇਬੰਦੀਆਂ ਮਾਨ ਦਲ, ਦਲ ਖ਼ਾਲਸਾ ਅਤੇ ਸਾਡੀ ਜਥੇਬੰਦੀ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ, ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਅਕਾਲ ਯੂਥ ਆਦਿਕ ਵੱਲੋਂ ਵੀ ਬੇਅਦਬੀਆਂ ਅਤੇ ਬੰਦੀ ਸਿੰਘਾਂ ਦੀਆਂ ਰਿਹਾਈਆਂ ਲਈ ਮਾਰਚ ਅਤੇ ਪ੍ਰਦਰਸ਼ਨ ਕੀਤੇ ਜਾਂਦੇ ਹਨ।

ਸੱਤਾ ਖੁੱਸਣ ਮਗਰੋਂ ਹੁਣ ਤਾਂ ਬਾਦਲਕੇ ਵੀ ਇਹਨਾਂ ਮੁੱਦਿਆਂ ’ਤੇ ਬੋਲਦੇ ਹਨ ਤੇ ਸਰਗਰਮੀ ਕਰਦੇ ਹਨ। ਸ਼੍ਰੋਮਣੀ ਕਮੇਟੀ ਨੇ ਪਹਿਲਾਂ ਡੀ.ਸੀ. ਦਫ਼ਤਰਾਂ ਅੱਗੇ ਧਰਨੇ ਦਿੱਤੇ, ਮੋਦੀ ਸਰਕਾਰ ਨੂੰ ਪੱਤਰ ਲਿਖੇ ਤੇ ਹੁਣ ਗੁਰਦੁਆਰਿਆਂ ’ਚ ਬੰਦੀ ਸਿੰਘਾਂ ਦੇ ਪੋਸਟਰ ਲਾ ਕੇ ਦਸਤਖ਼ਤੀ ਮੁਹਿੰਮ ਅਰੰਭੀ ਹੋਈ ਹੈ ਤੇ ਸਿੱਖਾਂ ਨੂੰ ਭਰਮਾਉਣ ਤੇ ਵਰਗਲਾਉਣ ਦੇ ਪੂਰੇ ਯਤਨ ਹੋ ਰਹੇ ਹਨ ਤੇ ਬਾਦਲਕੇ ਪੰਥਕ ਬਣਨ ਦੇ ਡਰਾਮੇ ਕਰ ਰਹੇ ਹਨ। ਜੇਕਰ ਬਾਦਲਕੇ ਚੰਗੇ ਹੁੰਦੇ ਤਾਂ ਕੌਮ ਨੂੰ ਆਹ ਦਿਨ ਨਾ ਵੇਖਣੇ ਪੈਂਦੇ ਪਰ ਇਹ ਪੰਥ ਅਤੇ ਪੰਜਾਬ ਦੇ ਸਭ ਤੋਂ ਵੱਡੇ .ਗੱਦਾਰ ਨਿਕਲੇ।

ਖ਼ੈਰ, ਬੰਦੀ ਸਿੰਘਾਂ ਦੀ ਰਿਹਾਈ ਲਈ ਇੱਕ ਸਾਂਝੇ ਕੌਮੀ ਮੰਚ, ਪੰਥਕ ਸੰਘਰਸ਼, ਦ੍ਰਿੜਸ਼ੀਲ ਆਗੂ, ਕੌਮੀ ਬਲਬੂਤੇ ਅਤੇ ਸਿਆਸੀ ਸ਼ਕਤੀ ਦੀ ਲੋੜ ਹੈ ਤਾਂ ਜੋ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਗੁਰਮੀਤ ਸਿੰਘ ਇੰਜੀਨੀਅਰ, ਭਾਈ ਲਖਵਿੰਦਰ ਸਿੰਘ ਨਾਰੰਗਵਾਲ, ਭਾਈ ਸ਼ਮਸ਼ੇਰ ਸਿੰਘ, ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਅਤੇ ਭਾਈ ਗੁਰਦੀਪ ਸਿੰਘ ਖੈੜਾ ਆਦਿਕ ਜਲਦ ਰਿਹਾਅ ਹੋ ਸਕਣ। ਭਾਈ ਜਗਤਾਰ ਸਿੰਘ ਜੱਗੀ ਜੌਹਲ, ਭਾਈ ਰਮਨਦੀਪ ਸਿੰਘ ਬੱਗਾ, ਭਾਈ ਹਰਦੀਪ ਸ਼ਿੰਘ ਸ਼ੇਰਾ ਅਤੇ ਬੇਅਦਬੀਆਂ ਦੇ ਦੋਸ਼ੀਆਂ ਨੂੰ ਸੋਧਣ ਤੇ 2020 ਰੈਫਰੰਡਮ ਅਧੀਨ ਨਜ਼ਰਬੰਦ ਸਿੰਘਾਂ ਲਈ ਕਨੂੰਨੀ ਚਾਰਾਜੋਈ ਤੇ ਰਿਹਾਈਆਂ ਲਈ ਆਵਾਜ਼ ਉਠਾਉਣੀ ਵੀ ਜ਼ਰੂਰੀ ਹੈ।

7 ਜਨਵਰੀ ਨੂੰ ਸ਼ੁਰੂ ਹੋਏ ਇਸ ਕੌਮੀ ਇਨਸਾਫ਼ ਮੋਰਚੇ ਵਿੱਚ ‘ਕਰੋ ਜਾਂ ਮਰੋ’ ਵਾ.ਲਾ ਰਾਹ ਅਪਣਾਉਣਾ ਪਵੇਗਾ, ਭਾਰਤ ਸਰਕਾਰ ਦੀ ਨੀਤੀ ਅਤੇ ਨੀਅਤ ਬਹੁਤ ਖੋਟੀ ਹੈ, ਨਰਿੰਦਰ ਮੋਦੀ ਵਾਅਦਾ ਕਰਕੇ ਮੁੱਕਰ ਗਿਆ, ਕੇਜਰੀਵਾਲ ਵੀ ਦ.ਗਾ ਕਮਾ ਗਿਆ। ਮੋਰਚੇ ਦੇ ਆਗੂਆਂ ਨੂੰ ਅਪੀਲ ਹੈ ਕਿ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਜਥੇਦਾਰ ਦੀ ਪਦਵੀ, ਮਾਣ-ਸਨਮਾਨ, ਜੁਝਾਰੂ ਸ਼ਖ਼ਸੀਅਤ ਤੇ ਬੁਲੰਦ ਵੱਕਾਰ ਨੂੰ ਠੇਸ ਨਾ ਲੱਗਣ ਦਿਓ, ਇਹ ਸੰਘਰਸ਼ ਅਤੇ ਮੋਰਚਾ ਖ਼ਾਲਸਾ ਪੰਥ ਨੂੰ ਹਰ ਹੀਲੇ ਜਿੱਤਣਾ ਪੈਣਾ ਹੈ। ਅਸੀਂ ਹਰ ਪੱਖੋਂ ਤੁਹਾਡਾ ਸਾਥ ਦੇਵਾਂਗੇ, ਕਲਗੀਧਰ ਪਾਤਸ਼ਾਹ ਜੀ ਸਹਾਈ ਹੋਣ।

**ਰਣਜੀਤ ਸਿੰਘ ਦਮਦਮੀ ਟਕਸਾਲ**
**(ਪ੍ਰਧਾਨ ਸਿੱਖ ਯੂਥ .ਫ਼ੈਡਰੇਸ਼ਨ ਭਿੰਡਰਾਂਵਾਲਾ)**

# ਨਾਸਤਿਕ ਦਲਿਤ ਅਧਿਆਪਕ ਨੂੰ ‘ਧੱਕੇ’ ਨਾਲ ਮੰਦਰ ਲਿਜਾ ਕੇ ਪੂਜਾ ਕਰਵਾਈ ਤੇ ‘ਮਾਫ਼ੀ ਮੰਗਵਾਈ’



ਨਿਜ਼ਾਮਾਵਾਦ:-ਹਿੰਦੂਤਵੀ ਜਥੇਬੰਦੀਆਂ ਅਤੇ ਭਾਜਪਾ ਦੇ ਕਾਡਰ ਵਲੋਂ ਧੱਕੇ ਨਾਲ ਇੱਕ ਨਾਸਤਿਕ ਦਲਿਤ ਅਧਿਆਪਕ ਤੋਂ ਤੇਲੰਗਾਨਾ ਵਿੱਚ ਮੁਆਫ਼ੀ ਮੰਗਵਾਉਣ ਦੇ ਮਾਮਲੇ ਨੇ ਵਿਵਾਦ ਖੜ੍ਹਾ ਕਰ ਦਿੱਤਾ ਹੈ।ਮੱਲਾਮਾਰੀ ਮਲਿਕਾਅਰੁਜਨ ਨਿਜ਼ਾਮਾਬਾਦ ਜ਼ਿਲ੍ਹੇ ਦੇ ਕੋਟਾਗਿਰੀ ਪਿੰਡ ਦੇ ਸਰਕਾਰੀ ਸਕੂਲ ਵਿੱਚ ਪੜਾਉਂਦੇ ਹਨ ਅਤੇ ਦਲਿਤ ਭਾਈਚਾਰੇ ਨਾਲ ਸਬੰਧ ਰੱਖਦੇ ਹਨ।ਹਿੰਦੂਤਵੀ ਜਥੇਬੰਦੀਆਂ ਅਤੇ ਭਾਜਪਾ ਦੇ ਕਾਰਕੁਨਾਂ ਨੇ 2 ਜਨਵਰੀ ਨੂੰ ਸਰਕਾਰੀ ਹਾਈ ਸਕੂਲ ਦੇ ਬਾਹਰ ਇਕੱਠੇ ਹੋ ਕੇ ਇਲਜ਼ਾਮ ਲਗਾਇਆ ਕਿ ਮਲਿਕਾਅਰੁਜਨ ਹਿੰਦੂ ਦੇਵਤਿਆਂ ਦੇ ਖਿਲਾਫ਼ ਪੜਾਉਂਦੇ ਹਨ।ਅਧਿਆਪਕ ਯੂਨੀਅਨ ਨੇ ਕਿਹਾ ਕਿ ਇਹ ਲੋਕ ‘ਧੱਕੇ’ ਨਾਲ ਮਲਿਕਾਅਰੁਜਨ ਨੂੰ ਮੁਆਫ਼ੀ ਮੰਗਾਉਣ ਲਈ ਨੇੜੇ ਦੇ ਹਨੂੰਮਾਨ ਮੰਦਰ ਲੈ ਗਏ, ਉਸ ਤੋਂ ਪੂਜਾ ਕਰਵਾਈ ਅਤੇ ‘ਧੱਕੇ’ ਨਾਲ ਉਸ ਤੋਂ ਮੁਆਫ਼ੀ ਮੰਗਵਾਈ।ਸਾਲ 2022 ਦੇ ਅਗਸਤ ਮਹੀਨੇ ਕੁਝ ਨੌਜਵਾਨ ਸਕੂਲ ਵਿੱਚ ਗਣੇਸ਼ ਚੱਤੁਰਥੀ ਲਈ ਦਾਨ ਲੈਣ ਆਏ ਸਨ ਪਰ ਨਾਸਤਿਕ ਮੱਲਾਮਾਰੀ ਮਲਿਕਾਅਰੁਜਨ ਨੇ ਦਾਨ ਦੇਣ ਤੋਂ ਇਨਕਾਰ ਕਰ ਦਿੱਤਾ।ਮੱਲਾਮਾਰੀ ਮਲਿਕਾਅਰੁਜਨ ਨੇ ਕਿਹਾ, “ਮੈਂ ਉਹਨਾਂ ਨੂੰ ਕਿਹਾ ਕਿ ਮੈਂ ਨਾਸਤਿਕ ਹਾਂ। ਉਹ ਕਹਿੰਦੇ ‘ਫੇਰ ਕੀ ਹੋਇਆ? ਤੁਸੀਂ ਰੱਬ ਵਿੱਚ ਯਕੀਨ ਨਹੀਂ ਰੱਖਦੇ? ਜੇ ਰੱਬ ਨਾ ਹੁੰਦਾ ਤਾਂ ਤੁਹਾਨੂੰ ਸਿੱਖਿਆ ਕਿੱਥੋਂ ਮਿਲਦੀ?’ਉਹਨਾਂ ਨੂੰ ਜਵਾਬ ਦਿੰਦਿਆਂ ਮੱਲਾਮਾਰੀ ਮਲਿਕਾਅਰੁਜਨ ਨੇ ਕਿਹਾ, “ਕੀ ਸਾਨੂੰ ਸਿਰਫ਼ ਸਰਸਵਤੀ ਵਿੱਚ ਵਿਸ਼ਵਾਸ਼ ਕਰਨ ਕਰਕੇ ਸਿੱਖਿਆ ਮਿਲਣੀ ਸੀ? ਅਮਰੀਕਾ ਵਰਗੇ ਦੇਸ਼ ਵਿੱਚ ਲੋਕ ਸਰਸਵਤੀ ਨੂੰ ਨਹੀਂ ਮੰਨਦੇ। ਠੀਕ ਹੈ ਨਾ ? ਕੀ ਉਹ ਸਿੱਖਿਆ ਨਹੀਂ ਲੈ ਰਹੇ ?” ਮੱਲਾਮਾਰੀ ਮਲਿਕਾਅਰੁਜਨ ਨੇ ਕਿਹਾ ਕਿ ਉਸ ਨੂੰ ਆਪਣੇ ਵਿਚਾਰਾਂ ਦੇ ਉਲਟ ਮੁਆਫ਼ੀ ਮੰਗਣ ਲਈ ਕਿਹਾ ਗਿਆ।ਉਸ ਨੇ ਕਿਹਾ, “ ਉਹ ਕਹਿੰਦੇ ਜੇਕਰ ਤੂੰ ਮੁਆਫ਼ੀ ਨਹੀਂ ਮੰਗੇਗਾ ਤਾਂ ਤੈਨੂੰ ਸਕੂਲ ਤੋਂ ਬਾਹਰ ਨਹੀਂ ਜਾਣ ਦਿੰਦੇ। ਉਹ ਕਿਸੇ ਵੀ ਸੈਕਿੰਡ ਮੇਰੇ ਉਪਰ ਹਮਲਾ ਕਰ ਸਕਦੇ ਸਨ। ਹਲਾਤ ਨੂੰ ਦੇਖਦੇ ਹੋਏ ਮੈਂ ਨਾ ਚਹੁੰਦੇ ਹੋਏ ਮੁਆਫ਼ੀ ਮੰਗ ਲਈ। ਮੈਂ ਕਿਹਾ ਕਿ ਮੇਰੇ ਤੋਂ ਗਲਤੀ ਹੋ ਗਈ।”“ਫ਼ਿਰ ਉਹ ਕਹਿੰਦੇ ਐਨਾ ਕਾਫ਼ੀ ਨਹੀਂ ਹੈ। ਉਨ੍ਹਾਂ ਕਿਹਾ, ‘ਤੂੰ ਰੱਬ ਵਿੱਚ ਯਕੀਨ ਨਹੀਂ ਕਰਦਾ ਇਸ ਲਈ ਤੈਨੂੰ ਮੰਦਰ ਵਿੱਚ ਜਾ ਕੇ ਮੁਆਫ਼ੀ ਮੰਗਣੀ ਪੈਣੀ ਹੈ।’ ਉਹਨਾਂ ਨੇ ਮੈਨੂੰ ਧੱਕੇ ਨਾਲ ਰੱਬ ਦੀ ਭਗਤੀ ਵਿੱਚ ਜੈਕਾਰੇ ਮਾਰਨ ਲਈ ਮਜ਼ਬੂਰ ਕੀਤਾ ਅਤੇ ਮੇਰੇ ਮੱਥੇ ਉਪਰ ਸੰਧੂਰ ਲਗਾਇਆ ਗਿਆ।

# ਜੋਸ਼ੀਮੱਠ ਵਿਚ ਹੋਟਲ ਢਾਹੁਣ ਦਾ ਮਾਲਕਾਂ ਵੱਲੋਂ ਵਿਰੋਧ

ਜੋਸ਼ੀਮੱਠ:-ਉੱਤਰਾਖੰਡ ਸਰਕਾਰ ਵੱਲੋਂ ਜੋਸ਼ੀਮੱਠ ਵਿੱਚ ਜ਼ਮੀਨ ਧਸਣ ਕਾਰਨ ਬੁਰੀ ਤਰ੍ਹਾਂ ਨੁਕਸਾਨੇ ਦੋ ਹੋਟਲਾਂ ਨੂੰ ਢਾਹੁਣ ਦਾ ਹੋਟਲ ਮਾਲਕਾਂ ਨੇ ਵਿਰੋਧ ਕੀਤਾ ਹੈ। ਹੋਟਲ ਮਾਲਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਪੂਰੀ ਜਾਣਕਾਰੀ ਨਹੀਂ ਦਿੱਤੀ ਗਈ। ਸੂਬਾ ਸਰਕਾਰ ਨੇ ‘ਮਾਊਂਟ ਵਿਊ’ ਅਤੇ ‘ਮਾਲਾਰੀ ਇਨ’ ਹੋਟਲਾਂ ਨੂੰ ਢਾਹੁਣ ਦਾ ਫ਼ੈਸਲਾ ਕੀਤਾ ਸੀ। ਇਨ੍ਹਾਂ ਹੋਟਲਾਂ ਦੇ ਮਾਲਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਅਖਬਾਰਾਂ ਰਾਹੀਂ ਇਸ ਬਾਰੇ ਪਤਾ ਲੱਗਿਆ ਹੈ ਅਤੇ ਮੰਗ ਕੀਤੀ ਕਿ ਫ਼ੈਸਲੇ ਲੈਣ ਤੋਂ ਪਹਿਲਾਂ ਉਨ੍ਹਾਂ ਨੂੰ ਇੱਕਮੁਸ਼ਤ ਨਿਬੇੜਾ ਯੋਜਨਾ ਦੀ ਪੇਸ਼ਕਸ਼ ਕੀਤੀ ਜਾਣੀ ਚਾਹੀਦੀ ਸੀ। ਉਧਰ, ਸੁਪਰੀਮ ਕੋਰਟ ਜੋਸ਼ੀਮੱਠ ਵਿੱਚ ਪੈਦਾ ਹੋਏ ਸੰਕਟ ਨੂੰ ਕੌਮੀ ਆਫ਼ਤ ਐਲਾਨਣ ਲਈ ਅਦਾਲਤ ਦੇ ਦਖਲ ਦੀ ਮੰਗ ਵਾਲੀ ਪਟੀਸ਼ਨ ’ਤੇ 16 ਜਨਵਰੀ ਨੂੰ ਸੁਣਵਾਈ ਕਰਨ ਲਈ ਸਹਿਮਤ ਹੋ ਗਈ ਹੈ।

*MORTGAGES
FOR UPTO
50 MILLION
IS AVAILABLE FOR LARGE PROJECTS
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
AK Mortgage Plus
Professional Mortgage Consultants
A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
*Rates are subject to change. O.A.C. Some Conditions Apply. VERICO A.K. MORTGAGE PLUS INC
Yes, Private Mortgages Start from 8.25% for a limited time*
Foreclosure?, we can help.
QUICK & EASY APPROVALS






**7050 120 Street, Surrey, British Columbia V3W 3M8, Tel: (604) 598-1300 Fax (604) 594-1669**

# ਇਸ ਹਫਤੇ ਦੇ ਪ੍ਰੋਗਰਾਮ

### 13 ਜਨਵਰੀ ਦਿਨ ਸ਼ੁੱਕਰਵਾਰ

*ਸਵੇਰੇ 10 ਵਜੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸ੍ਰੀ ਮੁਕਤਸਰ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਮੂਹ ਸੰਗਤ ਵੱਲੋਂ

*ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਹਰਪ੍ਰਕਾਸ਼ ਸਿੰਘ ਅਤੇ ਪਰਿਵਾਰ ਵੱਲੋਂ

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਦੀ ਸੇਵਾ ਬਲਵਿੰਦਰ ਸਿੰਘ ਸਿੱਧੂ ਅਤੇ ਪਰਿਵਾਰ ਵੱਲੋਂ

*ਸ਼ਾਮ 4.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਕੁਲਵਿੰਦਰ ਸਿੰਘ ਅਤੇ ਪਰਿਵਾਰ ਵੱਲੋਂ

*ਸ਼ਾਮ 5 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਸਤਵੀਰ ਸਿੰਘ ਅਤੇ ਪਰਿਵਾਰ ਵੱਲੋਂ

*ਸ਼ਾਮ 6 ਵਜੇ ... ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਅਮ੍ਰਿਤ ਪਾਲ ਸਿੰਘ ਅਤੇ ਪਰਿਵਾਰ ਵੱਲੋਂ

### 14 ਜਨਵਰੀ ਦਿਨ ਸ਼ਨਿਚਰਵਾਰ

*ਸਵੇਰੇ 10 ਵਜੇ ਅਨੰਦ ਕਾਰਜ ਸਿਮਰਪ੍ਰੀਤ ਕੌਰ ਅਤੇ ਪਰਿਵਾਰ ਵੱਲੋਂ

*ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਬੇਅੰਤ ਸਿੰਘ ਢਿੱਲੋਂ ਅਤੇ ਪਰਿਵਾਰ ਵੱਲੋਂ

*ਸਵੇਰੇ 10 ਵਜੇ ਭੋਗ ਸ੍ਰੀ ਸਹਿਜ ਪਾਠ ਹਰਨੇਕ ਸਿੰਘ ਅਤੇ ਪਰਿਵਾਰ ਵੱਲੋਂ

*ਸਵੇਰੇ 11 ਵਜੇ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਹਰਜਿੰਦਰ ਸਿੰਘ ਅਤੇ ਪਰਿਵਾਰ ਵੱਲੋਂ

*ਦਾਹ ਸਸਕਾਰ ਮਾਤਾ ਸੁਰਿੰਦਰ ਕੌਰ ਦੁਪਹਿਰ 12.30 ਵਜੇ ਰਿਵਰਸਾਇਡ ਵਿਖੇ ਹੋਵੇਗਾ, 2 ਵਜੇ ਗੁਰੂਘਰ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

### 15 ਜਨਵਰੀ ਦਿਨ ਐਤਵਾਰ

*ਸਵੇਰੇ 8.30 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ

*ਸਵੇਰੇ 10 ਵਜੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹਰਜੋਤ ਸਿੰਘ ਅਤੇ ਪਰਿਵਾਰ ਵੱਲੋਂ

*ਸਵੇਰੇ 10 ਵਜੇ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਰਾਜਦੀਪ ਕੌਰ ਕੰਦੋਲਾ ਅਤੇ ਪਰਿਵਾਰ ਵੱਲੋਂ

*ਸ਼ਾਮ 4 ਵਜੇ ਪਾਠ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰਾਂ ਦੀ ਸੇਵਾ ਇੰਦਰਬੀਰ ਸਿੰਘ ਅਤੇ ਪਰਿਵਾਰ ਵੱਲੋਂ

### ਸ੍ਰੀ ਮੁਕਤਸਰ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ 'ਚ


14 ਜਨਵਰੀ ਦਿਨ ਸ਼ਨਿਚਰਵਾਰ ਸ਼ਾਮ 5 ਵਜੇ ਤੋਂ 7 ਵਜੇ ਤਕ ਬੱਚੇ ਗੱਤਕੇ ਦੇ ਜੌਹਰ ਦਿਖਾਉਣਗੇ ਅਤੇ ਸ਼ਸ਼ਤਰਾਂ ਦੇ ਦਰਸ਼ਨ ਕਰਵਾਏ ਜਾਣਗੇ।



### ਬੱਚਿਆਂ ਦਾ ਵਿਸ਼ੇਸ਼ ਪ੍ਰੋਗਰਾਮ
### ਬਸੰਤ ਰਾਗ ਤੇ ਅਧਾਰਿਤ
## ਕੀਰਤਨ ਦਰਬਾਰ

19 ਫਰਵਰੀ ਦਿਨ ਐਤਵਾਰ
ਸ਼ਾਮ 5:30 ਵਜੇ 9 ਵਜੇ ਤਕ





## ਮਹਾਨ ਸ਼ਹੀਦੀ ਸਮਾਗਮ

ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ

ਦਿਨ ਦੇ ਵਿਸ਼ੇਸ ਦੀਵਾਨ ਐਤਵਾਰ 15 ਜਨਵਰੀ 2023

**ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।**

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ।ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ
*ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ ਜੀ ਬੰਬੇ ਵਾਲੇ,
ਰਾਗੀ ਜਥਾ ਭਾਈ ਜਸਪ੍ਰੀਤ ਸਿੰਘ ਜੀ, ਰਾਗੀ ਜਥਾ ਭਾਈ ਭਗਤਜੀਤ ਸਿੰਘ ਜੀ
ਭਾਈ ਕੁਲਦੀਪ ਸਿੰਘ ਜੀ ਮੋਗੇ ਵਾਲੇ

## ਕਥਾਵਾਚਕ

ਭਾਈ ਜਸਵਿੰਦਰ ਸਿੰਘ ਜੀ

## ਢਾਡੀ ਜਥਾ

ਭਾਈ ਬਖਸ਼ੀਸ਼ ਸਿੰਘ ਰਾਣੀਬਲਾ

# ਸ੍ਰੀ ਗੁਰੂ ਰਵਿਦਾਸ ਕਬੱਡੀ ਕੱਪ ਘੁੰਮਣਾ ਦਾ ਫਰਵਰੀ 2023 ਟੂਰਨਾਮੈਂਟ ਦਾ ਪੋਸਟਰ ਰੀਲੀਜ਼




ਸਰੀ-ਬੀਤੇ ਦਿਨੀਂ ਮੈਟਰੋ ਵੈਨਕੂਵਰ ਚ ਰਵਿਦਾਸੀਆ ਭਾਈਚਾਰੇ ਨਾਲ ਸਬੰਧਿਤ ਕਾਰੋਬਾਰੀਆਂ ਵੱਲੋਂ ਕ੍ਰਿਸਮਿਸ ਅਤੇ ਨਵੇਂ ਸਾਲ ਦੀ ਸ਼ਾਨਦਾਰ ਪਾਰਟੀ ਆਯੋਜਿਤ ਕੀਤੀ ਗਈ। ਇਸ ਮੌਕੇ ਪੰਜਾਬ ਵਿਚ ਪਿੰਡ ਘੁੰਮਣਾ ਨੇੜੇ ਫਗਵਾੜਾ ਵਿਖੇ ਕਬੱਡੀ ਪ੍ਰੋਮੋਟਰ ਬਲਵੀਰ ਬੈਂਸ ਵਲੋ ਹਰ ਸਾਲ ਕਰਵਾਏ ਜਾਂਦੇ ਸ੍ਰੀ ਗੁਰੂ ਰਵਿਦਾਸ ਕਬੱਡੀ ਕੱਪ ਘੁੰਮਣਾ ਦਾ ਫਰਵਰੀ 2023 ਟੂਰਨਾਮੈਂਟ ਦਾ ਪੋਸਟਰ ਰੀਲੀਜ਼ ਕੀਤਾ ਗਿਆ। ਇਹ ਪੋਸਟਰ ਜਾਰੀ ਕਰਦਿਆਂ ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਦੇ ਸਾਬਕਾ ਪ੍ਰਧਾਨ ਰਿੱਕ ਤੂਰਾ ਅਤੇ ਹਰਜੀਤ ਸੋਹਪਾਲ ਨੇ ਬਲਵੀਰ ਬੈਂਸ ਅਤੇ ਉਹਨਾਂ ਦੀ ਟੀਮ ਵਲੋ ਕਰਵਾਏ ਜਾਂਦੇ ਇਸ ਕਬੱਡੀ ਕੱਪ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਇਹੋ ਜਿਹੇ ਖੇਡ ਕਰਵਾਉਣ ਲਈ ਹੋਰ ਟਰੇਡਸਮੈਨਸ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ। ਪੋਸਟਰ ਰੀਲੀਜ਼ ਕਰਨ ਸਮੇਂ ਸ੍ਰੀ ਗੁਰੂ ਰਵਿਦਾਸ ਕਬੱਡੀ ਕੱਪ ਘੁੰਮਣਾ ਦੇ ਸਰਪ੍ਰਸਤ ਬਲਵੀਰ ਬੈਂਸ,ਪ੍ਰਿੰਸ ਬੈਂਸ,ਸੋਢੀ ਦਦਰਾਲ, ਮਾਈਕਲ ਘੀਰਾ, ਹਰਦੇਵ ਸਰੋਆ,ਪਰਮਜੀਤ ਲਾਖਾ,ਅਮਰਜੀਤ ਲੀਹਲ,ਪਰਮ ਸਰੋਆ,ਰਾਕੇਸ ਪਤਾਰਾ,ਰਮੇਸ ਸਰੋਆ,ਕੁਲਵੰਤ ਮੰਮਣ,ਕੇਵਲ ਸਿੱਧੂ,ਗੁਰਮੇਲ ਰੋਲੀਆ ਆਦਿ ਹਾਜ਼ਰ ਸਨ।



## ਪੰਜਾਬ ਦੀ ਯਾਤਰਾ ਤੋਂ ਪਹਿਲਾਂ ਹਰਿਮੰਦਰ ਸਾਹਿਬ ਮੱਥਾ ਟੇਕਿਆ ਰਾਹੁਲ ਗਾਂਧੀ ਨੇ

ਅੰਮ੍ਰਿਤਸਰ: ਭਾਰਤ ਜੋੜੋ ਯਾਤਰਾ ਦੇ ਮੰਗਲਵਾਰ ਪੰਜਾਬ ‘ਚ ਦਾਖਲ ਹੋਣ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਇਥੇ ਹਰਿਮੰਦਰ ਸਾਹਿਬ ਮੱਥਾ ਟੇਕਿਆ। ਉਨ੍ਹਾਂ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ, ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਅਜਨਾਲਾ ਅਤੇ ਹੋਰ ਆਗੂ ਵੀ ਸਨ। ਉਨ੍ਹਾ ਪਰਿਕਰਮਾ ਕੀਤੀ ਅਤੇ ਕੀਰਤਨ ਸੁਣਿਆ। ਕੜਾਹ ਪ੍ਰਸ਼ਾਦ ਦੀ ਦੇਗ ਵੀ ਭੇਟ ਕੀਤੀ। ਵਾਪਸੀ ਵੇਲੇ ਅਕਾਲ ਤਖਤ ਦੇ ਸਨਮੁੱਖ ਖੜ੍ਹੇ ਹੋ ਕੇ ਮੱਥਾ ਟੇਕਿਆ। ਮੀਡੀਆ ਨਾਲ ਕੋਈ ਗੱਲ ਕਰਨ ਤੋਂ ਗੁਰੇਜ਼ ਕੀਤਾ।

## ਮੁਸਲਮਾਨਾਂ ਨੂੰ ਛੱਡਣੀ ਹੋਵੇਗੀ ‘ਅਸੀਂ ਵੱਡੇ ਹਾਂ’ ਦੀ ਭਾਵਨਾ:ਮੋਹਨ ਭਾਗਵਤ



ਨਵੀਂ ਦਿੱਲੀ-ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐੱਸ. ਐੱਸ.) ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਹੈ ਕਿ ਹਿੰਦੂਆਂ ਦੀ ਆਪਣੀ ਪਛਾਣ, ਕੌਮੀਅਤ ਅਤੇ ਹਰ ਕਿਸੇ ਨੂੰ ਆਪਣਾ ਮੰਨਣ ਅਤੇ ਇਸਲਾਮ ਨੂੰ ਆਪਣੇ ਨਾਲ ਲੈ ਕੇ ਚੱਲਣ ਦੀ ਪ੍ਰਵਿਰਤੀ ਹੈ। ਪਰ ਇਸ ਨਾਲ ਇਸਲਾਮ ਨੂੰ ਦੇਸ਼ ’ਚ ਕੋਈ ਖ਼ਤਰਾ ਨਹੀਂ ਹੈ ਪਰ ਉਸ ਨੂੰ ‘ਅਸੀਂ ਵੱਡੇ ਹਾਂ’ ਦੀ ਭਾਵਨਾ ਛੱਡਣੀ ਪਵੇਗੀ। ‘ਆਰਗੇਨਾਈਜ਼ਰ’ ਅਤੇ ‘ਪੰਚਜਨਿਆ’ ਨੂੰ ਦਿੱਤੇ ਇਕ ਇੰਟਰਵਿਊ ’ਚ ਭਾਗਵਤ ਨੇ ਕਿਹਾ, ‘‘ਹਿੰਦੁਸਤਾਨ, ਹਿੰਦੁਸਤਾਨ ਬਣਿਆ ਰਹੇ, ਇਹ ਇਕ ਸਾਧਾਰਨ ਗੱਲ ਹੈ। ਇਸ ਨਾਲ ਅੱਜ ਭਾਰਤ ’ਚ ਜੋ ਮੁਸਲਮਾਨ ਹਨ, ਦਾ ਕੋਈ ਨੁਕਸਾਨ ਨਹੀਂ ਹੋਇਆ। ਉਹ ਹਨ, ਰਹਿਣਾ ਚਾਹੁੰਦੇ ਹਨ, ਰਹਿਣ। ਪੂਰਵਜਾਂ ਕੋਲ ਵਾਪਸ ਆਉਣਾ ਚਾਹੁੰਦੇ ਹਨ, ਆਉਣ। ਇਹ ਉਨ੍ਹਾਂ ਦੇ ਦਿਮਾਗ ’ਚ ਹੈ ਕਿ ‘ਅਸੀਂ ਵੱਡੇ ਹਾਂ’, ‘ਅਸੀਂ ਇਕ ਸਮੇਂ ਰਾਜਾ ਸੀ’, ‘ਸਾਨੂੰ ਦੁਬਾਰਾ ਰਾਜੇ ਬਣਨਾ ਚਾਹੀਦਾ ਹੈ’...ਇਹ ਛੱਡਣਾ ਪਵੇਗਾ। ਅਜਿਹਾ ਸੋਚਣ ਵਾਲਾ ਕੋਈ ਹਿੰਦੂ ਹੈ ਤਾਂ ਉਸ ਨੂੰ ਵੀ ਇਹ ਛੱਡਣਾ ਪਵੇਗਾ। ਕਮਿਊਨਿਸਟ ਹੈ, ਉਸ ਨੂੰ ਵੀ।’’ਭਾਗਵਤ ਨੇ ਕਿਹਾ ਕਿ ਸਿਆਸਤ ਨੂੰ ਨਿਰਪੱਖ ਛੱਡ ਕੇ ਸੋਚੋ ਕਿ ਪਾਕਿਸਤਾਨ ਕਿਉਂ ਬਣਿਆ। ਜਦੋਂ ਤੋਂ ਇਤਿਹਾਸ ਨੇ ਅੱਖਾਂ ਖੋਲ੍ਹੀਆਂ ਹਨ, ਭਾਰਤ ਇਕਜੁੱਟ ਸੀ। ਇਸਲਾਮ ਦੇ ਹਮਲੇ ਅਤੇ ਫਿਰ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਇਹ ਦੇਸ਼ ਕਿਵੇਂ ਟੁੱਟਿਆ... ਇਹ ਸਭ ਸਾਨੂੰ ਇਸ ਲਈ ਭੁਗਤਣਾ ਪਿਆ ਕਿਉਂਕਿ ਅਸੀਂ ਹਿੰਦੂ ਭਾਵਨਾਵਾਂ ਨੂੰ ਭੁੱਲ ਗਏ ਸੀ। ਹੁਣ ਸਾਡੀ ਸਿਆਸੀ ਆਜ਼ਾਦੀ ਨੂੰ ਭੰਗ ਕਰਨ ਦੀ ਕਿਸੇ ’ਚ ਤਾਕਤ ਨਹੀਂ ਹੈ। ਇਸ ਦੇਸ਼ ’ਚ ਹਿੰਦੂ ਰਹੇਗਾ, ਇਥੋਂ ਹਿੰਦੂ ਨਹੀਂ ਜਾਵੇਗਾ, ਇਹ ਹੁਣ ਪੱਕਾ ਹੋ ਗਿਆ ਹੈ। ਹਿੰਦੂ ਹੁਣ ਜਾਗ ਗਿਆ ਹੈ। ਇਸ ਦੀ ਵਰਤੋਂ ਕਰਕੇ ਅਸੀਂ ਆਪਣੇ ਅੰਦਰ ਦੀ ਲੜਾਈ ਜਿੱਤਣੀ ਹੈ ਅਤੇ ਸਾਡੇ ਕੋਲ ਜੋ ਹੱਲ ਹੈ, ਉਸ ਨੂੰ ਪੇਸ਼ ਕਰਨਾ ਹੈ।


ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: 604-518-3637
ਜਾਂ ਈਮੇਲ ਕਰੋ hssandhupcs@gmail.com



FOR ALL YOUR DENTAL NEEDS
In Cloverdale & South Surrey



Dr. Inderpreet Sandhu
BDS, DDS

CLOVERDALE VILLAGE DENTAL

Services Provided
- Dental Exams/X-rays
- Dental Fillings
- Extractions/Oral Surgery
- Teeth Whitening
- Cleaning & Polishing
- Crowns & Bridges
- Dentures & Mouth Guards
- Root Canal Treatment

A House of Family Dentistry
5635 - 176A Street, Surrey, BC
(across the street from Cloverdale Library)
Cloverdalevillagedental@gmail.com
604-579-0102

DHALIWAL GROUP OF COMPANIES










ਅਸੀਂ ਜਿੰਨੇ ਮਰਜੀ ਬੰਦਿਆਂ ਦੀ ਕੇਟਰਿੰਗ ਵੀ ਕਰਦੇ ਹਾਂ

ਅਸੀਂ ਤੁਹਾਡੇ ਘਰ ਤੰਦੂਰ ਲਾ ਕੇ ਕੇਟਰਿੰਗ ਕਰਦੇ ਹਾਂ- ਵੈਜ ਅਤੇ ਨਾਨ ਵੈਜ

ਇੰਡੀਆ ਵਰਗੇ ਖੋਏ ਦੀ ਸਪੈਸ਼ਲ ਬਰਫੀ

ਅਸੀਂ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਕੇਟਰਿੰਗ ਕਰਦੇ ਹਾਂ 604-543-2222

Dhaliwal Sweets
2636 Cedar Park Place
Abbotsford
604.852.2345

Dhaliwal Banquet Hall
Surrey
604-598-1165

Dhoom Restaurant
York Centre Surrey
604-543-2222

Dhaliwal Sweets
Surrey
604-596-1312

Dhaliwal Pizza & Bakery
#104-7790-128 St. Surrey
(Near 78th Ave.)
604-598-8889

Dhoom Restaurant & Bar Vancouver
604-325-4911

Dhaliwal Sweets
Vancouver
604-325-4911

Himalaya Dairy
Surrey
604-543-2421


www.DhoomRestaurant.com

# Akaal 3D Print

We provide 3D services for
Commercial & Residencial Buildings

OUR SERVICES

*3D Rendering
*3D Model
*3D Animation




ਅਸੀਂ ਘਰ, ਆਫਿਸ, ਕਮਰਸ਼ੀਅਲ ਬਿਲਡਿੰਗਾਂ
ਦੇ 3D ਨਕਸ਼ੇ ਤਿਆਰ ਕਰਦੇ ਹਾਂ

For More Information Call
Armann:250-301-9231

Instagram name: akaal3dprint
Facebook: Akaal 3D Print
Email:armann@akaal3dprint.com
Web:akaal3dprint.com/homepage



# FAMILY PHYSICIANS

New Physician starting on Aug 2nd

| SCOTT 75 MEDICAL CLINIC | SCOTTCARE MEDICAL CLINIC |
|---|---|
| #113-7500 120TH STREET SURREY | #202-9278 120TH STREET, SURREY |

ਮਰੀਜ ਅਪਾਇੰਟਮੈਂਟ
ਬਣਾ ਕੇ ਡਾਕਟਰ ਨੂੰ
ਦੇਖ ਸਕਦੇ ਹਨ
Accepting New ICBC
and WCB Patients Also

ਅਸੀਂ ਪੰਜਾਬੀ ਬੋਲਦੇ
ਹਾਂ ਅਤੇ ਨਵੇਂ ਮਰੀਜ
ਲੈਂਦੇ ਹਾਂ

ਪੰਜਾਬੀ ਬੋਲਣ ਵਾਲੇ ਡਾਕਟਰਾਂ ਦੀ ਟੀਮ ਨੂੰ ਹੁਣ ਇਕ ਨਵੇਂ ਫੁੱਲ ਟਾਈਮ ਡਾਕਟਰ ਨੇ ਜੁਆਇਨ ਕੀਤਾ ਹੈ

Ph:604-503-1159

www.fleetwoodfamilyphysicians.com ਅਸੀਂ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਖੁੱਲ੍ਹੇ ਹਾਂ



ਇਕ ਤੂਹੀ

# www.ektuhi.com

ਹੁਣ ਆਪ ਜੀ ਲਈ ਹਰ ਫੋਨ ਤੇ ਆਫ਼ਲਾਈਨ
ਚੱਲਣ ਵਾਲੀ ektuhi app ਹਾਜ਼ਰ ਹੈ





ਸਤਪਾਲ ਸਿੰਘ ਪੁਰੇਵਾਲ

- ਆਧੁਨਿਕ ਸਾਧਨ ਵਰਤ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਸ਼ਬਦ ਨੂੰ ਬੋਲ ਕੇ ਨਾਲ ਹਾਈਲਾਈਟ ਕੀਤਾ ਗਿਆ ਹੈ।
- ਗੁਰਬਾਣੀ Tutor Software ਨੂੰ Download ਕੇ ਕੰਪਿਊਟਰ ਤੇ ਇੰਸਟਾਲ ਕਰੋ ਅਤੇ ਪਾਠ ਦਾ ਸਹੀ ਉਚਾਰਣ ਸਿੱਖੋ।
- ਇੰਟਰਨੈਟ ਤੇ ਚਲਣ ਵਾਲੀ ਹਰ ਸਕਰੀਨ iphone, ipad, ipod, LCD 'ਤੇ ਵੀਡੀਓਜ਼ ਚਲਾ ਸਕਦੇ ਹੋ।
- Google play store ਅਤੇ iphone ਦੇ app store ਤੇ ਜਾ ਕੇ ektuhi ਸਰਚ ਕਰਕੇ ਐਪ ਨੂੰ ਇੰਸਟਾਲ ਕਰ ਲਓ।
- ਗੁਰਬਾਣੀ ਟਿਊਟਰ ਸੋਫਟਵੇਅਰ ਵਿਚ ਯੂਨੀਕੋਡ ਫੌਂਟ ਅਤੇ ਕੀਬੋਰਡ ਵੀ ਹੈ। ਜਿਸ ਨਾਲ ਹੁਣ ਅੰਗਰੇਜ਼ੀ ਤੋਂ ਪੰਜਾਬੀ ਫੌਂਟ ਅਦਲਾ-ਬਦਲੀ ਕਰਨਾ ਬਹੁਤ ਅਸਾਨ ਬਣਾ ਦਿੱਤਾ ਗਿਆ ਹੈ। ਖੱਬੇ ਹੱਥ ਨਾਲ ALT+SHIFT ਦੱਬਣ ਨਾਲ ਬਦਲ ਜਾਵੇਗਾ।

ਗੁਰਬਾਣੀ ਦੀ ਸੰਥਿਆ ਲੈਣ ਲਈ ਇੱਕ ਵਾਰ ਵੈਬਸਾਈਟ ਤੇ ਜਰੂਰ ਜਾਓ

Google Play Store
App Store

ਹੋਰ ਜਾਣਕਾਰੀ ਜਾਂ ਸੁਝਾਅ ਲਈ ਖ਼ਤ ਲਿਖੋ :
purewal@live.com

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

**30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530**



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*12 ਜਨਵਰੀ ਦਿਨ ਵੀਰਵਾਰ ਸ. ਹਰਦੇਵ ਸਿੰਘ ਦੇ ਗ੍ਰਹਿ ਵਿਖੇ ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ ਭੋਗ 14 ਜਨਵਰੀ ਦਿਨ ਸ਼ਨਿਚਰਵਾਰ ਨੂੰ ਪਾਏ ਜਾਣਗੇ।

*14 ਜਨਵਰੀ ਦਿਨ ਸ਼ਨਿਚਰਵਾਰ ਸ. ਸੁਰਜੀਤ ਸਿੰਘ ਜੀ ਦੇ ਪਰਿਵਾਰ ਵੱਲੋਂ ਗੁਰੂਘਰ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*15 ਜਨਵਰੀ ਦਿਨ ਐਤਵਾਰ ਸ. ਗੁਰਮੀਤ ਸਿੰਘ ਦੇ ਪਰਿਵਾਰ ਵੱਲੋਂ ਗੁਰੂਘਰ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਜਾਣਗੇ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

*ਰਾਗੀ ਜਥਾ -ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ

*ਰਾਗੀ ਜਥਾ ਭਾਈ ਭਗਤਜੀਤ ਸਿੰਘ ਜੀ ਜਲੰਧਰ ਵਾਲੇ

*ਕਥਾ ਵਾਚਕ -ਪੰਥ ਦੇ ਪ੍ਰਸਿੱਧ ਕਥਾਵਾਚਕ ਭਾਈ ਜੈਵੀਰ ਸਿੰਘ (ਰੋਪੜ ਵਾਲੇ)

*ਢਾਡੀ ਜਥਾ-ਕੁਲਜਿੰਦਰ ਸਿੰਘ ਯੋਗੀ ਪਿੰਡ ਕੈਲਪੁਰ (ਲੁਧਿਆਣਾ)

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ


ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਗ੍ਰੰਥੀ):236-887-5274, ਗਿ. ਨਵਜੋਤ ਸਿੰਘ ਜੀ(ਗ੍ਰੰਥੀ):226-509-6600

# ਜੋਸ਼ੀਮਠ:ਜ਼ਮੀਨ ਗਰਕ ਰਹੀ, ਕੰਧਾਂ ’ਚ ਤਰੇੜਾਂ ਪੈ ਰਹੀਆਂ, ਸ਼ਹਿਰ ਤਬਾਹੀ ਦੀ ਕਗਾਰ ਉੱਤੇ ਖੜ੍ਹਾ





ਉਤਰਾਖੰਡ:-2 ਜਨਵਰੀ ਨੂੰ ਪਹੁ ਫੁਟਾਲੇ ਸਮੇਂ ਪ੍ਰਕਾਸ਼ ਭੋਟੀਆਲ ਆਪਣੇ ਜੋਸ਼ੀਮਠ ਵਿੱਚ ਘਰ ਅੰਦਰ “ਉੱਚੀ ਆਵਾਜ਼” ਸੁਣ ਕੇ ਉੱਠਿਆ। ਹਿਮਾਲਿਆ ਦੀਆਂ ਪਹਾੜਾਈਆਂ ਵਿੱਚ ਇਹ ਇਲਾਕਾ ਭਾਰਤ ਦੇ ਉੱਤਰ ਵਿੱਚ ਸਥਿਤ ਉੱਤਰਾਖੰਡ ਸੂਬੇ ਵਿੱਚ ਹੈ। ਇਸ 52 ਸਾਲਾ ਟੇਲਰ ਨੇ ਜਦੋਂ ਬਲਬ ਚਲਾਇਆ ਅਤੇ ਆਪਣੀ ਨਵੀਂ ਇਮਾਰਤ ਵਿੱਚ ਦੇਖਿਆ ਤਾਂ 11 ਵਿੱਚੋਂ 9 ਕਮਰਿਆਂ ਦੀਆਂ ਕੰਧਾਂ ’ਤੇ ਤਰੇੜਾਂ ਆ ਗਈਆਂ ਸਨ। ਡਰ ਕਾਰਨ ਪਰਿਵਾਰ ਦੇ 11 ਮੈਂਬਰਾਂ ਨੂੰ ਉਹਨਾਂ ਦੋ ਕਮਰਿਆਂ ਵਿੱਚ ਲਿਜਾਇਆ ਗਿਆ ਜਿੱਥੇ ਬਹੁਤ ਮਾਮੂਲੀ ਜਿਹੀਆਂ ਤਰੇੜਾਂ ਸਨ। ਭੋਟੀਆਲ ਕਹਿੰਦੇ ਹਨ, “ਅਸੀਂ ਦੇਰ ਤੱਕ ਜਾਗਦੇ ਰਹੇ। ਛੋਟੀ ਜਿਹੀ ਆਵਾਜ਼ ਨੇ ਡਰ ਪੈਦਾ ਕਰ ਦਿੱਤਾ। ਅਸੀਂ ਇਸ ਲਈ ਬਿਸਤਰੇ ਤਿਆਰ ਕਰ ਲਏ ਤਾਂ ਕਿ ਲੋੜ ਪੈਣ ’ਤੇ ਭੱਜਿਆ ਦਾ ਸਕੇ।”ਉਹ ਕਹਿੰਦੇ ਹਨ ਕਿ ਘਰ ਦੇ ਬਾਹਰ ਵੀ ਹਲਾਤ ਚੰਗੇ ਨਹੀਂ ਸਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੋਸ਼ੀਮਠ ਵਿੱਚ ਧਰਤੀ ਹੌਲੀ-ਹੌਲੀ ਧੱਸ ਰਹੀ ਹੈ। ਇਸ ਕਸਬੇ ਵਿੱਚ ਕਰੀਬ 20,000 ਲੋਕ ਰਹਿੰਦੇ ਹਨ । ਇਹ ਕਸਬਾ ਦੋ ਘਾਟੀਆਂ ਵਿਚਕਾਰ 6151 ਫੁੱਟ ’ਤੇ ਸਥਿਤ ਹੈ। ਇਲਾਕੇ ਵਿੱਚ 4500 ਇਮਾਰਤਾਂ ਵਿੱਚੋਂ 670 ਵਿੱਚ ਤਰੇੜਾਂ ਆ ਗਈਆਂ ਹਨ। ਇਹਨਾਂ ਇਮਾਰਤਾਂ ਵਿੱਚ ਸਥਾਨਕ ਮੰਦਿਰ ਅਤੇ ਰੋਪਵੇਅ ਵੀ ਸ਼ਾਮਿਲ ਹਨ। ਅਧਿਕਾਰੀਆਂ ਮੁਤਾਬਕ ਇਹ ਇਲਾਕਾ 350 ਮੀਟਰ ਚੌੜਾ ਹੈ। ਇਸ ਦੇ ਨਾਲ ਹੀ ਗਲੀਆਂ ਅਤੇ ਪਗਡੰਡੀਆਂ ਵਿੱਚ ਵੀ ਤਰੇੜਾਂ ਆ ਗਈਆਂ ਹਨ। ਦੋ ਹੋਟਲਾਂ ਦੀਆਂ ਇਮਾਰਤਾਂ ਇੱਕ ਦੂਜੇ ਵੱਲ ਝੁਕੀਆਂ ਹੋਈਆਂ ਹਨ। ਪਾਣੀ ਖੇਤਾਂ ਵਿੱਚੋਂ ਪੂਰੀ ਤਰ੍ਹਾਂ ਸਫਾਈ ਨਾ ਹੋਣ ਕਾਰਨ ਬਾਹਰ ਡੁੱਲ ਰਿਹਾ ਹੈ। ਕਸਬੇ ਦੇ 80 ਪਰਿਵਾਰਾਂ ਨੂੰ ਘਰੋਂ ਤੋਂ ਸਕੂਲਾਂ, ਹੋਟਲਾਂ ਅਤੇ ਹੋਰ ਥਾਵਾਂ ਵਿੱਚ ਰੱਖਿਆ ਗਿਆ ਹੈ। ਤਬਾਹੀ ਤੋਂ ਬਚਾਉਣ ਵਾਲੀਆਂ ਟੀਮਾਂ ਪਹੁੰਚ ਚੁੱਕੀਆਂ ਹਨ ਅਤੇ ਲੋੜ ਪੈਣ ’ਤੇ ਵਰਤਣ ਲਈ ਹੈਲੀਕਾਪਟਰ ਬੁਲਾ ਲਏ ਗਏ ਹਨ। ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਦਾ ਕਹਿਣਾ ਹੈ ਕਿ, “ਜਾਨਾਂ ਬਚਾਉਣਾ ਸਾਡੀ ਪਹਿਲੀ ਤਰਜ਼ੀਹ ਹੈ।”


The Builder's Direct
Experienced & Honest
Bath & Kitchen Fixtures



Wholesale price to public
We carry all major brands
Fireplaces Also Available



Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC


# ਚੋਣਾਂ ਸਾਡਾ ਅਧਿਕਾਰ ਹੈ ਪਰ ਇਸ ਦੀ ਭੀਖ ਨਹੀਂ ਮੰਗਾਂਗੇ:ਉਮਰ ਅਬਦੁੱਲਾ

ਸ਼੍ਰੀਨਗਰ- ਨੈਸ਼ਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਨੇ ਮੰਗਲਵਾਰ ਨੂੰ ਕਿਹਾ ਕਿ ਚੋਣਾਂ ਲੋਕਾਂ ਦਾ ਅਧਿਕਾਰ ਹੈ ਪਰ ਕਸ਼ਮੀਰ ਦੇ ਲੋਕ ਜੰਮੂ-ਕਸ਼ਮੀਰ ‘ਚ ਚੋਣਾਂ ਕਰਵਾਉਣ ਲਈ ਕੇਂਦਰ ਤੋਂ ‘ਭੀਖ’ ਨਹੀਂ ਮੰਗਣਗੇ। ਅਬਦੁੱਲਾ ਨੇ ਅਨੰਤਨਾਗ ਜ਼ਿਲੇ ‘ਚ ਪੱਤਰਕਾਰਾਂ ਨੂੰ ਕਿਹਾ ਕਿ ਜੇਕਰ ਇਸ ਸਾਲ ਚੋਣਾਂ ਨਹੀਂ ਕਰਵਾਈਆਂ ਜਾਂਦੀਆਂ ਹਨ ਤਾਂ ਨਾ ਕਰਵਾਈਆਂ ਜਾਣ। ਅਸੀਂ ਭਿਖਾਰੀ ਨਹੀਂ ਹਾਂ। ਮੈਂ ਵਾਰ-ਵਾਰ ਕਿਹਾ ਹੈ ਕਿ ਕਸ਼ਮੀਰੀ ਭਿਖਾਰੀ ਨਹੀਂ ਹਨ। ਚੋਣ ਸਾਡਾ ਅਧਿਕਾਰ ਹੈ ਪਰ ਅਸੀਂ ਇਸ ਅਧਿਕਾਰ ਦੀ ਭੀਖ ਨਹੀਂ ਮੰਗਾਂਗੇ। ਅਬਦੁੱਲਾ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਚੋਣਾਂ ਕਰਵਾਉਣਾ ਚਾਹੁੰਦੀ ਹੈ ਤਾਂ ਚੰਗੀ ਗੱਲ ਹੈ ਪਰ ਜੇਕਰ ਉਹ ਨਹੀਂ ਚਾਹੁੰਦੀ ਤਾਂ ਨਾ ਕਰਾਓ।

ਜਾਇਦਾਦਾਂ ਅਤੇ ਸਰਕਾਰੀ ਜ਼ਮੀਨਾਂ ਤੋਂ ਲੋਕਾਂ ਨੂੰ ਬੇਦਖਲ ਕਰਨ ਬਾਰੇ ਪੁੱਛੇ ਜਾਣ ‘ਤੇ ਅਬਦੁੱਲਾ ਨੇ ਦਾਅਵਾ ਕੀਤਾ ਕਿ ਜੰਮੂ-ਕਸ਼ਮੀਰ ‘ਚ ਚੋਣਾਂ ਨਾ ਹੋਣ ਦਾ ਇਹ ਵੀ ਇਕ ਕਾਰਨ ਸੀ। ਉਨ੍ਹਾਂ ਕਿਹਾ ਇਸੇ ਲਈ ਉਹ ਚੋਣਾਂ ਨਹੀਂ ਕਰਵਾ ਰਹੇ ਹਨ। ਉਹ ਕਸ਼ਮੀਰੀ ਲੋਕਾਂ ਨੂੰ ਪਰੇਸ਼ਾਨ ਕਰਨਾ ਚਾਹੁੰਦੇ ਹਨ। ਲੋਕਾਂ ਦੇ ਜ਼ਖਮਾਂ ਨੂੰ ਭਰਨ ਦੀ ਬਜਾਏ ਅਜਿਹਾ ਲੱਗਦਾ ਹੈ ਕਿ ਉਹ ਜ਼ਖ਼ਮਾਂ ਨੂੰ ਹਰਾ ਰੱਖਣਾ ਚਾਹੁੰਦੇ ਹਨ।





Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਵਿਕਾਸ ਨਹੀਂ ਵਿਨਾਸ਼ ਮਾਡਲ

ਸੱਤਾ ਵਿੱਚ ਆਉਣ ਤੋਂ ਪਹਿਲਾਂ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਨੂੰ ਗੁਜਰਾਤ ਵਿਕਾਸ ਮਾਡਲ ਦੇ ਸੁਨਹਿਰੀ ਸੁਫ਼ਨੇ ਦਿਖਾਏ ਸਨ।ਹਕੀਕਤ ਵਿੱਚ ਇਹ ਵਿਕਾਸ ਮਾਡਲ ਨਹੀਂ, ਵਿਨਾਸ਼ ਮਾਡਲ ਸੀ।ਇਸ ਦੇ ਦੋ ਹੀ ਨਿਸ਼ਾਨੇ ਸਨ, ਇੱਕ ਅਜਿਹੀਆਂ ਯੋਜਨਾਵਾਂ ਤਿਆਰ ਕੀਤੀਆਂ ਜਾਣ ਜਿਨ੍ਹਾਂ ਨਾਲ ਹਿੰਦੂਤਵੀ ਧਾਰਮਿਕ ਕੱਟੜਤਾ ਵਧੇ ਫੁੱਲੇ ਤੇ ਫਿਰਕੂ ਵੰਡ ਤਿੱਖੀ ਹੋਵੇ ਤੇ ਦੂਜਾ, ਕਾਰਪੋਰੇਟਾਂ ਲਈ ਰਾਹ ਚੌੜੇ ਕੀਤੇ ਜਾਣ ਤਾਂ ਜੋ ਉਹ ਦੇਸ਼ ਦੀ ਸਮੁੱਚੀ ਸੰਪਤੀ ਨੂੰ ਦੋਹੀਂ ਹੱਥੀਂ ਲੁੱਟ ਸਕਣ ।

ਇਸੇ ਗੁਜਰਾਤੀ ਵਿਨਾਸ਼ ਦਾ ਨਤੀਜਾ ਅੱਜ ਜੋਸ਼ੀ ਮੱਠ ਭੁਗਤ ਰਿਹਾ ਹੈ।ਜੋਸ਼ੀ ਮੱਠ ਦੇ 600 ਤੋਂ ਵੱਧ ਘਰਾਂ ਨੂੰ ਖਾਲੀ ਕਰਾ ਲਿਆ ਗਿਆ ਹੈ। ਜੋਸ਼ੀ ਮੱਠ ਦੇ ਲੋਕ ਪੀੜ੍ਹੀਆਂ ਤੋਂ ਬਣਾਏ ਆਪਣੇ ਆਸ਼ਿਆਨਿਆਂ ਦੇ ਜ਼ਮੀਨਦੋਜ਼ ਹੋਣ ਦੀ ਉਡੀਕ ਵਿੱਚ ਪਲ-ਪਲ ਮਰ ਰਹੇ ਹਨ। ਮੋਦੀ ਸਰਕਾਰ ਨੇ ਉੱਤਰਾਖੰਡ ਲਈ ਦੋ ਯੋਜਨਾਵਾਂ 'ਤੇ ਤੇਜ਼ੀ ਨਾਲ ਕੰਮ ਸ਼ੁਰੂ ਕੀਤਾ ਸੀ।

ਇੱਕ, ਹਰ ਮੌਸਮੀ ਚਾਰ ਮਾਰਗੀ ਸੜਕ (ਆਲ ਵੈਦਰ ਰੋਡ), ਜਿਹੜੀ 889 ਕਿਲੋਮੀਟਰ ਲੰਮੀ ਹੈ ਤੇ ਇਸ ਦਾ ਤਿੰਨ-ਚੌਥਾਈ ਹਿੱਸਾ ਬਣ ਚੁੱਕਾ ਹੈ।

ਦੂਜੀ, ਤਪੋਵਨ ਤੋਂ ਵਿਸ਼ਣੂਗੜ੍ਹ ਵਿਚਕਾਰ 12 ਕਿਲੋਮੀਟਰ ਲੰਮੀ ਸੁਰੰਗ, ਜਿਸ ਰਾਹੀਂ ਧੌਲੀ ਗੰਗਾ ਦਾ ਪਾਣੀ ਸੇਲੰਗ ਪਾਵਰ ਹਾਊਸ ਤੱਕ ਬਿਜਲੀ ਬਣਾਉਣ ਲਈ ਲਿਆਂਦਾ ਜਾਣਾ ਹੈ । ਇਹ ਸੁਰੰਗ ਉਸੇ ਪਹਾੜ ਦੇ ਵਿੱਚੋਂ ਲੰਘ ਰਹੀ ਹੈ, ਜਿਸ ਦੇ ਨਾਲ ਵਸਿਆ ਹੋਇਆ ਹੈ ਜੋਸ਼ੀਮੱਠ।ਹਰ ਮੌਸਮੀ ਚਾਰ ਮਾਰਗੀ ਸੜਕ ਦਾ ਮੁੱਖ ਮਕਸਦ ਜੋਸ਼ੀ ਮੱਠ, ਬਦਰੀਨਾਥ, ਕੇਦਾਰਨਾਥ ਦੇ ਹੇਮਕੁੰਟ ਸਮੇਤ ਵੱਖ-ਵੱਖ ਧਾਰਮਿਕ ਸਥਲਾਂ ਦੀ ਸੈਰ ਸਪਾਟੇ ਤੇ ਸ਼ਰਧਾਲੂਆਂ ਨੂੰ ਨਫ਼ਰਤੀ ਟੀਕੇ ਲਾਉਣ ਲਈ ਵਰਤੋਂ ਸੌਖਾਲੀ ਕਰਨਾ ਹੈ। ਇਸ ਚਾਰ ਮਾਰਗੀ ਸੜਕ ਦਾ ਨਰਿੰਦਰ ਮੋਦੀ ਨੇ 2016 ਵਿੱਚ ਉਦਘਾਟਨ ਕੀਤਾ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਧੰਨਾ ਸੇਠਾਂ ਨੇ ਇਸ ਇਲਾਕੇ ਵੱਲ ਵਹੀਰਾਂ ਘੱਤ ਲਈਆਂ ਸਨ । ਵੱਡੇ-ਵੱਡੇ ਹੋਟਲ ਤੇ ਮਾਲ ਉਸਾਰ ਲਏ ਸਨ ।

ਇਹ ਵਿਕਾਸ ਨਾਂਅ ਦਾ ਬੁਲਡੋਜ਼ਰ ਲਗਾਤਾਰ ਚਲਦਾ ਰਿਹਾ। ਇਸ ਗੱਲ ਦੀ ਪਰਵਾਹ ਨਾ ਕੀਤੀ ਗਈ ਕਿ ਭੂ-ਗਰਭ ਵਿਗਿਆਨੀ ਇਸ ਏਰੀਏ ਦੇ ਨਾਜ਼ਕ ਹੋਣ ਤੇ ਧਸ ਜਾਣ ਬਾਰੇ ਲਗਾਤਾਰ ਚੇਤਾਵਨੀਆਂ ਦਿੰਦੇ ਰਹੇ ਸਨ । ਵਾਤਾਵਰਣ ਪ੍ਰੇਮੀ ਵੀ ਲਗਾਤਾਰ ਜੱਦੋ-ਜਹਿਦ ਕਰਦੇ ਰਹੇ ਸਨ, ਪ੍ਰੰਤੂ ਉਨ੍ਹਾਂ ਨੂੰ ਵਿਕਾਸ ਵਿਰੋਧੀ ਤੇ ਅਰਬਨ ਨਕਸਲ ਕਹਿ ਕੇ ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਰਿਹਾ ।

ਲੋਕ ਇਸ ਤਬਾਹੀ ਲਈ ਪਹਾੜ ਹੇਠ ਬਣਾਈ ਜਾ ਰਹੀ ਸੁਰੰਗ ਨੂੰ ਵੀ ਜ਼ਿੰਮੇਵਾਰ ਮੰਨ ਰਹੇ ਹਨ। ਇਹ ਉਹੋ ਸੁਰੰਗ ਹੈ, ਜਿਸ ਵਿੱਚ ਕੰਮ ਕਰਦੇ 150 ਮਜ਼ਦੂਰ ਫਰਵਰੀ 2021 ਵਿੱਚ ਹੋਏ ਇੱਕ ਹਾਦਸੇ ਦੌਰਾਨ ਧਰਤੀ ਵਿੱਚ ਦਫਨ ਹੋ ਗਏ ਸਨ ।



ਕੁਮਾਊ ਯੂਨੀਵਰਸਿਟੀ ਦੇ ਭੂ-ਵਿਗਿਆਨ ਪ੍ਰੋ. ਡਾ. ਬਹਾਦਰ ਸਿੰਘ ਦਾ ਕਹਿਣਾ ਹੈ ਕਿ ਅਸੀਂ ਦੋ ਦਹਾਕਿਆਂ ਤੋਂ ਸਰਕਾਰਾਂ ਨੂੰ ਚੇਤਾਵਨੀਆਂ ਦਿੰਦੇ ਆ ਰਹੇ ਹਾਂ, ਪਰ ਸਰਕਾਰਾਂ ਨਜ਼ਰ-ਅੰਦਾਜ਼ ਕਰਦੀਆਂ ਆ ਰਹੀਆਂ ਹਨ । ਇਹ ਪਾਗਲ ਵਿਕਾਸ ਦੀ ਸਨਕ ਹੈ, ਜਿਸ ਰਾਹੀਂ ਇਸ ਮੂਲ ਸਵਾਲ ਨੂੰ ਵੀ ਅਣਦੇਖਿਆ ਕਰ ਦਿੱਤਾ ਗਿਆ ਕਿ ਇਹ ਭੁਚਾਲ ਵਾਲਾ ਖੇਤਰ ਹੈ ਤੇ ਜੋਸ਼ੀ ਮੱਠ ਗਲੇਸ਼ੀਅਰ ਉਤੇ ਬਣਿਆ ਹੋਇਆ ਸ਼ਹਿਰ ਹੈ ।

ਡਾ. ਬਹਾਦਰ ਸਿੰਘ ਦਾ ਕਹਿਣਾ ਹੈ ਕਿ ਇਹ ਤਬਾਹੀ ਸਿਰਫ਼ ਜੋਸ਼ੀ ਮੱਠ ਤੱਕ ਹੀ ਸੀਮਤ ਨਹੀਂ ਰਹੇਗੀ, ਸਗੋਂ ਹੋਰ ਸ਼ਹਿਰ ਵੀ ਇਸ ਦੀ ਲਪੇਟ ਵਿੱਚ ਆਉਣਗੇ । ਸੜਕਾਂ ਤੇ ਸੁਰੰਗਾਂ ਬਣਾਉਣ ਲਈ ਕੀਤੇ ਜਾਂਦੇ ਵਿਸਫੋਟਾਂ ਨੇ ਪਰਬਤਾਂ ਨੂੰ ਕਮਜ਼ੋਰ ਕਰ ਦਿੱਤਾ ਹੈ । ਚਾਰ ਮਾਰਗੀ ਸੜਕਾਂ ਉਤੇ ਜਦੋਂ ਭਾਰੇ ਵਾਹਨ ਚੱਲਣਗੇ ਤਾਂ ਉਨ੍ਹਾਂ ਵੱਲੋਂ ਪੈਦਾ ਕੀਤੀ ਥਰਥਰਾਹਟ ਪਹਾੜਾਂ ਅੰਦਰ ਹਲਚਲ ਪੈਦਾ ਕਰੇਗੀ । ਜੋਸ਼ੀ ਮੱਠ ਦੀ ਤਰਾਸਦੀ ਤੋਂ ਉੱਤਰਾਖੰਡ ਦੇ ਬਾਕੀ ਸ਼ਹਿਰਾਂ ਤੇ ਪਿੰਡਾਂ ਦੇ ਲੋਕ ਚੌਕਸ ਹੋ ਗਏ ਹਨ । ਗੜ੍ਹਵਾਲ ਤੇ ਕੁਮਾਊ ਮੰਡਲਾਂ ਦੇ ਕਈ ਹਿੱਸੇ ਅਜਿਹੀ ਹੀ ਹੋਣੀ ਵੱਲ ਵਧ ਰਹੇ ਹਨ। ਰਿਸ਼ੀਕੇਸ਼ ਤੇ ਕਰਣ ਪ੍ਰਯਾਗ ਵਿਚਕਾਰ ਰੇਲਵੇ ਲਾਈਨ ਲਈ ਬਣਾਈ ਜਾ ਰਹੀ ਸੁਰੰਗ ਕਾਰਣ ਟੀਹਰੀ ਜ਼ਿਲ੍ਹੇ ਦੇ ਅਟਾਲੀ ਪਿੰਡ ਦੇ ਮਕਾਨਾਂ ਤੇ ਖੇਤਾਂ ਵਿੱਚ ਦਰਾੜਾਂ ਆ ਗਈਆਂ ਹਨ। ਉੱਤਰਾਖੰਡ ਦਾ ਮਸ਼ਹੂਰ ਸ਼ਹਿਰ ਨੈਨੀਤਾਲ ਵੀ ਖਤਰੇ ਵਿੱਚ ਆ ਚੁੱਕਾ ਹੈ। ਇੱਥੇ ਇੱਕ ਦਰਜਨ ਤੋਂ ਵੱਧ ਥਾਵਾਂ 'ਤੇ 6-6 ਇੰਚ ਚੌੜੀਆਂ ਦਰਾੜਾਂ ਪੈ ਗਈਆਂ ਹਨ ।

ਕੱਲ ਤੱਕ ਹਿੰਦੂ ਲੋਕ ਮੁਸਲਮਾਨਾਂ ਵਿਰੋਧੀ ਭਾਵਨਾਵਾਂ ਨੂੰ ਹੀ ਵਿਕਾਸ ਮੰਨ ਰਹੇ ਸਨ।ਅੱਜ ਜੋਸ਼ੀ ਮੱਠ ਦੀ ਤਰਾਸਦੀ ਨੂੰ 99 ਫ਼ੀਸਦੀ ਹਿੰਦੂ ਹੀ ਭੁਗਤ ਰਹੇ ਹਨ । ਸਾਨੂੰ ਯਾਦ ਰੱਖਣਾ ਚਾਹੀਦਾ ਕਿ ਫਿਰਕੂ ਤੇ ਧਾਰਮਿਕ ਕੱਟੜਤਾ ਦੇ ਥੰਮ੍ਹਾਂ ਉੱਤੇ ਖੜ੍ਹੀ ਰਾਜਨੀਤੀ ਸਿਰਫ਼ ਮਨੁੱਖੀ ਸਮਾਜ ਦੇ ਵਿਵੇਕ, ਸਹਿਣਸ਼ੀਲਤਾ ਤੇ ਆਪਸੀ ਸਦਭਾਵਨਾ ਨੂੰ ਹੀ ਤਬਾਹ ਨਹੀਂ ਕਰਦੀ ਸਗੋਂ ਮਾਨਵ ਸਮਾਜ ਦੇ ਕੁਦਰਤ ਨਾਲ ਰਿਸ਼ਤਿਆਂ ਨੂੰ ਵੀ ਖੇਰੂੰ-ਖੇਰੂੰ ਕਰ ਦਿੰਦੀ ਹੈ । ਇਸ ਦਾ ਖਮਿਆਜ਼ਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਭੁਗਤਣਾ ਪੈਂਦਾ ਹੈ ।--ਚੰਦ ਫਤਿਹਪੁਰੀ





## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

### ਜਨਵਰੀ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਭਾਈ ਮੇਵਾ ਸਿੰਘ ਲੋਪੋਕੇ ਮੇਲਾ ਮੁਕਤਸਰ ਅਤੇ ਨੀਂਹ ਪੱਥਰ ਸ੍ਰੀ ਦਰਬਾਰ ਸਾਹਿਬ ਦਾ ਮਨਾਇਆ ਜਾਵੇਗਾ।2 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:

1. ਭਾਈ ਗੁਰਨਿਰਵੈਰ ਸਿੰਘ ਪਰਿਵਾਰ ਵੱਲੋਂ 2. ਬੀਬੀ ਗੁਰਪ੍ਰੀਤ ਕੌਰ ਪਰਿਵਾਰ ਵੱਲੋਂ

ਇਹ ਅਖੰਡਪਾਠ ਸਾਹਿਬ 13 ਜਨਵਰੀ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 15 ਜਨਵਰੀ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*14 ਜਨਵਰੀ ਦਿਨ ਸ਼ਨਿਚਰਵਾਰ ਬੱਚੀ ਮਨਦੀਪ ਕੌਰ ਅਤੇ ਕਾਕਾ ਗੁਰਫਤਹਿ ਸਿੰਘ ਭਿੰਡਰ ਦੇ ਅਨੰਦਕਾਰਜ ਹੋਣਗੇ।

*14 ਜਨਵਰੀ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 5 ਪਰਿਵਾਰਾਂ ਵੱਲੋਂ ਹੋਵੇਗੀ:

1. ਬੀਬੀ ਜਸਵਿੰਦਰ ਕੌਰ ਬੈਂਸ ਪਰਿਵਾਰ ਵੱਲੋਂ 2. ਭਾਈ ਅਮਰਜੀਤ ਸਿੰਘ ਵਰਨ ਪਰਿਵਾਰ ਵੱਲੋਂ 3. ਭਾਈ ਅਵਨੀਤ ਸਿੰਘ ਪਰਿਵਾਰ ਵੱਲੋਂ
4. ਭਾਈ ਤਰਨਜੀਤ ਸਿੰਘ ਪਰਿਵਾਰ ਵੱਲੋਂ 5. ਬੀਬੀ ਮਨਜੀਤ ਕੌਰ ਪਰਿਵਾਰ ਵੱਲੋਂ

*15 ਜਨਵਰੀ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰ ਨਗਰ ਜੌਹਲ ਦੀ ਸੰਗਤ ਵੱਲੋਂ

*15 ਜਨਵਰੀ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ: 1. ਭਾਈ ਤਿਭਵਨ ਸਿੰਘ ਪਰਿਵਾਰ ਵੱਲੋਂ ਕਾਕਾ ਕਰਨਪਾਲ ਸਿੰਘ ਦੇ 19ਵੇਂ ਜਨਮਦਿਨ ਦੀ ਖੁਸ਼ੀ ਵਿਚ 2. ਬੀਬੀ ਬਲਜੀਤ ਕੌਰ ਕਾਲਕਟ ਪਰਿਵਾਰ ਵੱਲੋਂ

* ਸਹਿਜਪਾਠ ਅਤੇ ਲੰਗਰ ਦੀ ਸੇਵਾ ਭਾਈ ਬਲਵਿੰਦਰ ਸਿੰਘ ਵੱਲੋਂ ਬੱਚੇ ਰੋਮਨ ਸਿੰਘ ਸੰਧੂ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

*15 ਜਨਵਰੀ ਦਿਨ ਐਤਵਾਰ ਸਵ. ਅਜੀਤ ਸਿੰਘ ਦਾ ਅੰਤਮ ਸਸਕਾਰ ਸਵੇਰੇ 9 ਵਜੇ ਮੇਪਲਰਿਜ (969-216ਸਟਰੀਟ) ਵਿਖੇ ਹੋਵੇਗਾ, ਉਪਰੰਤ ਉਹਨਾਂ ਨਮਿਤ ਰਖਾਏ ਗਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰੂਘਰ ਵਿਖੇ ਸਵੇਰੇ 11.30 ਵਜੇ ਹੋਵੇਗੀ।

*15 ਜਨਵਰੀ ਦਿਨ ਐਤਵਾਰ ਸ਼ਾਮ ਦੇ ਕੀਰਤਨ ਲੰਗਰ ਦੀ ਸੇਵਾ ਭਾਈ ਉਂਕਾਰ ਸਿੰਘ ਮਾਨ ਪਰਿਵਾਰ ਵੱਲੋਂ ਬੇਟੇ ਇੰਦਰਵੀਰ ਸਿੰਘ ਮਾਨ ਦੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

*16 ਜਨਵਰੀ ਦਿਨ ਸੋਮਵਾਰ ਸਵ. ਬਾਵਾ ਸਿੰਘ ਜਵੰਦਾ ਦਾ ਅੰਤਮ ਸਸਕਾਰ ਦੁਪਹਿਰ 1 ਵਜੇ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ, ਉਪਰੰਤ ਉਹਨਾਂ ਨਮਿਤ ਰਖਾਏ ਗਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰੂਘਰ ਵਿਖੇ ਦੁਪਹਿਰ 2.30 ਵਜੇ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 778-713-5121, 604-590-3224, ਫੈਕਸ:604-572-3276**

# ਸਿਹਤ ਸੰਬੰਧੀ



# ਛਾਹੀਆਂ, ਐਕਨੀ, ਕਿੱਲ-ਮੁਹਾਸੇ ਅਤੇ ਹੋਮਿਓਪੈਥੀ

ਮਨੁੱਖੀ ਸੁੰਦਰਤਾ ਦੀ ਪਰਿਭਾਸ਼ਾ ਦਾ ਘੇਰਾ ਬਹੁਤ ਵਿਸ਼ਾਲ ਹੈ। ਅਜੋਕੇ ਸਮੇਂ ਵਿੱਚ ਤਨ ਦੀ ਸੁੰਦਰਤਾ ਨੂੰ ਮਨ ਦੀ ਸੁੰਦਰਤਾ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਮਨੁੱਖ ਬਾਹਰੋਂ ਸੋਹਣਾ ਦਿਖਣ ਲਈ ਹਰ ਤਰ੍ਹਾਂ ਦੇ ਵਸੀਲੇ ਵਰਤਦਾ ਹੈ। ਮਨੁੱਖ ਦੇ ਚਿਹਰੇ ਤੋਂ ਉਸ ਦੀ ਪੂਰੀ ਬਾਹਰੀ ਦਿੱਖ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਕਿਸੇ ਸਿਹਤ ਸੰਬੰਧੀ ਵਿਗਾੜ ਦੇ ਚਲਦਿਆਂ ਮਿਹਰਾ ਮੁਰਝਾਇਆ ਲੱਗਣ ਨਾਲ ਪਰਿਭਾਵਤ ਮਨੁੱਖ ਚਿੰਤਾ-ਗ੍ਰਸਤ ਦਿਖਣ ਲੱਗ ਪੈਂਦਾ ਹੈ। ਚਿਹਰੇ ਉੱਤੇ ਖ਼ੁਸ਼ੀਆਂ ਦੇ ਖੇੜੇ ਮੁੜ ਪਰਤਾਉਣ ਵਾਸਤੇ ਅੰਦਰਲੇ ਰੋਗ ਨੂੰ ਢੁਕਵੀਂ ਚਿਕਿਤਸਾ ਰਾਹੀਂ ਠੀਕ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਕਈ ਵਾਰੀ ਵੇਖਣ ਵਿੱਚ ਆਉਂਦਾ ਹੈ ਕਿ ਕੋਈ ਗੰਭੀਰ ਰੋਗ ਨਾ ਹੁੰਦਿਆਂ ਹੋਇਆਂ ਵੀ ਚਿਹਰੇ ਤੋਂ ਤਰੋ-ਤਾਜ਼ਗੀ ਗਾਇਬ ਹੁੰਦੀ ਹੈ ਜਾਂ ਕਿੱਲ, ਮੁਹਾਸੇ ਅਤੇ ਛਾਹੀਆਂ ਚਿਹਰੇ ਨੂੰ ਭੱਦਾ ਬਣਾ ਦਿੰਦੀਆਂ ਹਨ। ਚੜ੍ਹਦੀ ਉਮਰ ਵਿੱਚ ਮੁੰਡੇ ਕੁੜੀਆਂ ਵਿੱਚ ਇਹ ਹਾਰਮੋਨਜ਼ ਵਿਚਲੀ ਤਬਦੀਲੀ ਕਾਰਣ ਹੋ ਜਾਂਦੇ ਹਨ। ਪਰ, ਫ਼ੈਸ਼ਨ ਨੂੰ ਪਹਿਲ ਅਤੇ ਸਾਫ਼ ਚਿਹਰੇ ਵਾਲੀ ਚੰਗੀ ਦਿੱਖ ਹਾਸਲ ਕਰਨ ਲਈ ਨੌਜਵਾਨ ਪੀੜੀ ਕਈ ਤਰ੍ਹਾਂ ਦੇ ਅਣਅਧਿਕਾਰਤ ਤਰੀਕੇ ਜਾਂ ਔਹੜ-ਪੌਹੜ ਦੀ ਵਰਤੋਂ ਕਰਕੇ ਅਜਾਈਂ ਪੈਸਾ ਗੰਵਾ ਬੈਠਦੇ ਹਨ। ਸਫ਼ਲਤਾ ਤਾਂ ਹੀ ਮਿਲੇਗੀ ਜੇ ਕਿਸੇ ਪੇਸ਼ੇਵਰ ਚਿਕਿਤਸਕ ਤੋਂ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਇਲਾਜ ਕਰਵਾਇਆ ਜਾਵੇਗਾ। ਕੈਮੀਕਲ-ਅਧਾਰਤ ਕ੍ਰੀਮਾਂ ਦੀ ਵਰਤੋਂ ਕਰ ਕੇ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਠੋਸ ਇਲਾਜ ਨਹੀਂ ਹੁੰਦਾ, ਸਗੋਂ ਚਮੜੀ ਦੇ ਰੋਮ ਅਤੇ ਗ੍ਰੰਥੀਆਂ, ਜਿਨ੍ਹਾਂ ਰਾਹੀਂ ਚਮੜੀ ਦੇ ਹੇਠ ਇਕੱਠੇ ਹੋਏ ਅਣਚਾਹੇ ਪਦਾਰਥ ਨਿਕਲਣਾ ਚਾਹੀਦਾ ਹੈ, ਉੱਥੇ ਰੁਕਾਵਟਾਂ ਬਣ ਜਾਂਦੀਆਂ ਹਨ। ਕਿੱਲ ਅਤੇ ਮੁਹਾਸਿਆਂ ਦਾ ਪ੍ਰਕੋਪ ਸਿਰਫ਼ ਚਿਹਰੇ ਤਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਮੋਢਿਆਂ ਅਤੇ ਪਿੱਠ ਉੱਤੇ ਵੀ ਇਨ੍ਹਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ। ਕਈ ਕਿੱਲ-ਮੁਹਾਸੇ ਤਾਂ ਫ਼ਿਣਸੀਆਂ ਅਤੇ ਫ਼ੋੜਿਆਂ ਦੀ ਸ਼ਕਲ ਵੀ ਇਖ਼ਤੀਆਰ ਕਰ ਲੈਂਦੇ ਹਨ, ਜਿਨ੍ਹਾਂ ਵਿੱਚੋਂ ਪੀਕ ਜਾਂ ਕਚ-ਲਹੂ ਰਿਸਦਾ ਹੈ। ਕਈਆਂ ਨੂੰ ਇਸ ਵਿੱਚੋਂ ਰਿਸਦਾ ਅਣਚਾਹਿਆ ਪਦਾਰਥ ਕੱਢਣ ਲਈ ਇਨ੍ਹਾਂ ਨੂੰ ਦਬਾਉਣ ਦੀ ਆਦਤ ਪੈ ਜਾਂਦੀ ਹੈ ਜੋ ਕਿ ਚਿਹਰੇ ਉੱਪਰ ਨਿਸ਼ਾਨ ਅਤੇ ਧੱਬੇ ਛੱਡ ਦਿੰਦੇ ਹਨ ਜਿਸ ਨਾਲ ਚਿਹਰਾ ਅਤੇ ਚਮੜੀ ਕਰੂਪ ਲੱਗਦੇ ਹਨ ਅਤੇ ਪੀੜ੍ਹਤ ਮਨੁੱਖ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।

ਆਮ ਤੌਰ ’ਤੇ ਇਸਤਰੀਆਂ ਦੇ ਚਿਹਰੇ ਉੱਤੇ ਛਾਹੀਆਂ ਦਾ ਪ੍ਰਕੋਪ ਜ਼ਿਆਦਾ ਹੁੰਦਾ ਹੈ ਜਿਸ ਦਾ ਕਾਰਣ ਲਹੂ ਦੀ ਘਾਟ, ਜਣੇਪੇ ਤੋਂ ਬਾਅਦ ਕਮਜ਼ੋਰੀ, ਮਾਹਵਾਰੀ ਦੇ ਨਾਲ ਜੁੜੀਆਂ ਸਮੱਸਿਆਵਾਂ, ਬਹੁਤ ਠੰਢ ਜਾਂ ਗਰਮੀ ਵਿੱਚ ਜ਼ਿਆਦਾ ਦੇਰ ਤਕ ਕੰਮ ਕਰਨਾ ਆਦਿ ਆਮ ਹੁੰਦੇ ਹਨ। ਕਿੱਲ-ਮੁਹਾਸਿਆਂ ਦੀਆਂ ਕਈ ਪ੍ਰਕਾਰ ਦੀਆਂ ਕਿਸਮਾਂ ਹੁੰਦੀਆਂ ਹਨ, ਜਿਵੇਂ ਐਕਨੀ-ਵਲਗਰਸ, ਊਕਨੀ-ਪੈਂਕਟੇਟਾ, ਐਕਨੀ-ਇਨਡਿਯੂਰੇਟਾ ਆਦਿ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579



ਐਕਨੀ ਦੀ ਵਜ੍ਹਾ ਆਮ ਤੌਰ ’ਤੇ ਸਫ਼ਾਈ ਦੀ ਘਾਟ, ਦੂਸ਼ਿਤ ਵਾਤਾਵਰਣ ਅਤੇ ਸੁੰਦਰਤਾ ਲਈ ਵਰਤੀਆਂ ਜਾਣ ਵਾਲੀਆਂ ਅਣ-ਅਧਿਕਾਰਤ ਕ੍ਰੀਮਾਂ ਦਾ ਇਸਤੇਮਾਲ ਹੁੰਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਦੇ ਹੋਰ ਕਾਰਣ ਜਿਵੇਂ ਪੇਟ ਵਿੱਚ ਗੈਸ, ਕਬਜ਼, ਮੈਹਿਦੇ ਦੀ ਕਮਜ਼ੋਰੀ, ਮਾਹਵਾਰੀ ਵਿੱਚ ਵਿਗਾੜ, ਤੇਲ-ਨੁੰਮਾ ਚਮੜੀ ਜਾਂ ਹੋਰ ਚਿਲਕਾਲੀਨ ਅਲਾਮਤਾਂ ਨੂੰ ਠੀਕ ਕਰਨ ਲਈ ਜਿੱਥੇ ਨਿੱਜੀ ਸਵੱਛਤਾ ਲਾਹੇਵੰਦ ਹੁੰਦੀ ਹੈ, ਉੱਥੇ ਹੀ ਹੋਮਿਓਪੈਥਿਕ ਦਵਾਈਆਂ ਰਾਹੀਂ ਇਨ੍ਹਾਂ ਨੂੰ ਠੀਕ ਕਰਨ ਉਪਰੰਤ ਚਿਹਰੇ ਅਤੇ ਸਰੀਰ ਦੀ ਸੁੰਦਰਤਾ ਵਧਾਈ ਜਾ ਸਕਦੀ ਹੈ। ਹੋਮਿਓਪੈਥੀ ਦੀ ਸਹੀ ਦਵਾਈ ਅਜਿਹੀ ਅਲਾਮਤ ਨੂੰ ਜੜ੍ਹੋਂ ਪੁੱਟਣ ਵਿੱਚ ਸਹਾਈ ਹੋ ਸਕਦੀ ਹੈ। ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਵਾਸਤੇ ਕਿਸੇ ਨਿਪੁੰਨ ਹੋਮਿਓਪੈਥ ਦੀਆਂ ਸੇਵਾਵਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਤੁਹਾਡੇ ਸਰੀਰਕ, ਮਾਨਸਿਕ ਅਤੇ ਵਾਤਾਵਰਣ-ਸੰਬੰਧੀ ਪਹਿਲੂਆਂ ਨੂੰ ਗਹਿਰਾਈ ਨਾਲ ਸਮਝ ਕੇ ਉਨ੍ਹਾਂ ਦਾ ਮੁਲਾਂਕਣ ਕਰਨ ਉਪਰੰਤ ਹੀ ਸਹੀ ਹੋਮਿਓਪੈਥਿਕ ਦਵਾਈ ਰਾਹੀਂ ਐਕਨੀ, ਕਿੱਲ ਅਤੇ ਛਾਹੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਕਿੱਲ-ਮੁਹਾਸੇ ਤੋਂ ਬਚਣ ਲਈ ਧਿਆਨਯੋਗ ਗੱਲਾਂ:

- ਚਿਹਰੇ ਦੀ ਸਾਫ਼-ਸਫ਼ਾਈ ਰੱਖਣ ਲਈ ਚਿਹਰੇ ਨੂੰ ਗੁਣਗੁਣੇ ਪਾਣੀ ਅਤੇ ਚੰਗੇ ਸਾਬਣ ਨਾਲ ਧੋਵੋ ਤਾਂ ਕਿ ਚਿਹਰੇ ’ਤੇ ਜੰਮੀ ਧੂੜ ਜਾਂ ਅੰਦਰੋਂ ਉੱਭਰਿਆ ਤੇਲ ਸਾਫ਼ ਹੋ ਸਕੇ।
- ਕਬਜ਼ ਤੋਂ ਬਚੋ। ਆਪਣੇ ਭੋਜਨ ਵਿੱਚ ਲੋੜੀਂਦੇ ਤੱਤਾਂ ਤੋਂ ਇਲਾਵਾ ਫ਼ਾਈਬਰ ਵਾਲੀ ਪੌਸ਼ਟਿਕ ਖ਼ੁਰਾਕ, ਫ਼ਲ ਅਤੇ ਸਲਾਦ ਦਾ ਇਸਤੇਮਾਲ ਕਰੋ।
- ਦਿਨ ਵਿੱਚ ਅੱਠ ਤੋਂ ਦਸ ਗਿਲਾਸ ਪਾਣੀ ਜ਼ਰੂਰ ਪੀਓ।
- ਪੇਸਟ੍ਰੀ, ਚੌਕਲੇਟ, ਚਰਬੀ, ਤਲ਼ੀਆਂ ਚੀਜ਼ਾਂ ਅਤੇ ਜੰਕ ਫ਼ੂਡ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਲੋਹੜੀ ਬਾਰੇ ਵਿਸ਼ੇਸ਼ ਵਿਚਾਰ

ਅਵਤਾਰ ਸਿੰਘ (5104325827)

ਭਾਈ ਕਾਨ੍ਹ ਸਿੰਘ ਨ੍ਹਾਭਾ ਮਹਾਨ ਕੋਸ਼ ਦੇ ਪੰਨਾ ੧੦੭੫ ਤੇ ਲਿਖਦੇ ਹਨ ਕਿ "ਵੈਦਿਕ ਧਰਮ" ਨਾਮ ਰਸਾਲੇ ਵਿੱਚ ਲਿਖਿਆ ਹੈ ਕਿ ਲੋੜ੍ਹੀ ਦਾ ਮੂਲ "ਤਿਲ-ਰੋੜੀ" ਹੈ, ਇਸ ਤੋਂ ਤਿਲੋੜੀ ਹੋਇਆ ਅਰ ਇਸ ਦਾ ਰੂਪਾਂਤਰ ਲੋੜ੍ਹੀ ਹੈ। ਲੋੜ੍ਹੀ ਦੇ ਦਿਨ ਤਿਲ ਅਤੇ ਰੋੜੀ (ਗੁੜ) ਖਾਂਦੇ ਤੇ ਅੱਗ 'ਚ ਪਾਏ (ਹਵਨ) ਕੀਤੇ ਜਾਂਦੇ ਹਨ। ਇਹ ਤਿਉਹਾਰ ਮਾਘੀ ਦੀ ਸੰਗ੍ਰਾਂਦ ਤੋਂ ਇੱਕ ਦਿਨ ਪਹਿਲਾਂ ਆਉਂਦਾ ਹੈ। ਲੋਹੜੀ ਸਿੱਖਾਂ ਦਾ ਨਹੀਂ ਸਗੋਂ ਮੌਸਮੀ ਤਿਉਹਾਰ ਹੈ। ਅੱਜ ਇਸ ਨੂੰ ਨਿਰੋਲ ਬ੍ਰਾਹਮਣੀ ਤਿਉਹਾਰ ਬਣਾ ਦਿੱਤਾ ਗਿਆ ਹੈ। ਮਈ ਮਹੀਨੇ 'ਚ ਵਾਪਰੇ ਮੁਕਤਸਰ ਦੇ ਇਤਿਹਾਸਕ ਸਾਕੇ ਨੂੰ ਰਲ-ਗਡ ਕਰ, ਮਾਘ ਮਹੀਨੇ ਨਾਲ ਜੋੜ ਕੇ, ਮਾਘੀ ਦੀ ਸੰਗ੍ਰਾਂਦ ਨੂੰ ਸਿੱਖ ਦਿਹਾੜਾ ਹੋਣ ਦਾ ਭੁਲੇਖਾ ਪਾਇਆ ਗਿਆ ਹੈ। ਅੱਜ ਦੇਖਾ ਦੇਖੀ ਹੋਰਾਂ ਮਗਰ ਲੱਗ ਕੇ, ਅਪਣੇ ਆਪ ਨੂੰ ਗੁਰੂ ਨਾਨਕ ਦੇ ਸਿੱਖ ਅਖਵਾਉਣ ਵਾਲੇ ਵੀ, ਪੁੱਤਾਂ-ਧੀਆਂ ਦੀਆਂ ਲੋਹੜੀਆਂ ਮਨਾਈ ਜਾਂਦੇ ਹਨ। ਐਸਾ ਕਿਉਂ ਹੈ? ਜਰਾ ਧਿਆਨ ਨਾਲ ਸੋਚੋ! ਲੋਹੜੀ ਦਾ ਮੂਲ ਸੰਬੰਧ ਦੇਵੀ-ਦੇਵਤਿਆਂ ਦੀ ਪੂਜਾ ਅਤੇ ਯੱਗਾਂ ਨਾਲ ਹੈ। ਬ੍ਰਾਹਮਣੀ ਮਤ ਦਾ ਆਧਾਰ ਹੀ ਦੇਵੀ-ਦੇਵਤਿਆਂ ਦੀ ਪੂਜਾ-ਅਰਚਾ ਅਤੇ ਯੱਗ-ਹਵਨ ਹਨ। ਗੁਰਮਤਿ ਅਜਿਹੇ ਥੋਥੇ ਕਰਮਕਾਂਡਾਂ ਅਤੇ ਅੰਧਵਿਸ਼ਵਾਸ਼ਾਂ ਦਾ ਭਰਵਾਂ ਖੰਡਨ ਕਰਦੀ ਹੈ। ਦੇਵੀ-ਦੇਵਤਿਆਂ ਬਾਰੇ ਗੁਰਮਤਿ ਦਾ ਫੁਰਮਾਨ-ਦੇਵੀ ਦੇਵਾ ਮੂਲੁ ਹੈ ਮਾਇਆ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ (੧੨੯)

ਬ੍ਰਾਹਮਣ ਮੱਤ ਦਾ ਸਭ ਤੋਂ ਪੁਰਾਤਨ ਗ੍ਰੰਥ "ਰਿਗ ਵੇਦ" ਮੰਨਿਆਂ ਜਾਂਦਾ ਹੈ। ਇਸ ਵੇਦ ਦਾ ਮੂਲ ਦੇਵੀ ਦੇਵਤਿਆਂ ਦੀ ਉਸਤਤਿ ਵਿੱਚ ਰਚੇ ਗਏ ਮੰਤ੍ਰਾਂ ਦੇ ਸੰਗ੍ਰਹ ਨਾਲ ਹੈ। ਦੂਜਾ "ਸਾਮਦੇਵ" ਮੰਤ੍ਰਾਂ ਦੀ ਸਮਾਨਤਾ ਦਰਸਾਉਣ ਵਾਲਾ ਵੇਦ, ਇਸ ਦੇ ਕੁਲ ੧੫੪੯ ਮੰਤ੍ਰ ਨੇ ਅਤੇ ਬ੍ਰਾਹਮਣ ਇਸ ਵੇਦ ਨੂੰ ਯੱਗ ਆਦਿਕ ਮੰਗਲ ਕਰਮਾਂ ਵਿੱਚ ਗਾਉਂਦੇ ਹਨ। ਉਸਤਤਿ ਦਾ ਢੰਗ ਕਿਹੜਾ ਵਰਤਿਆ ਜਾਵੇ? ਇਸ ਵਾਸਤੇ ਯੱਗ ਕਰਨੇ ਆਰੰਭ ਹੋਏ। "ਯਜੁਰ ਵੇਦ" ਇਸ ਵਿੱਚ ਬਲੀਦਾਨ ਅਤੇ ਯੱਗ ਹੋਮ ਦਾ ਵਰਨਣ ਹੈ। "ਅਥਵਣ ਵੇਦ" ਇਸ ਵਿੱਚ ਮੰਤ੍ਰ, ਟੂਣੇ, ਜਾਦੂ ਆਦਿ ਦਾ ਵਰਨਣ ਅਤੇ ਇਸ ਦੇ ੭੬੦ ਮੰਤ੍ਰ ਹਨ। ਅਗਨੀ ਨੂੰ ਦੇਵੀ ਦੇਵਤਿਆਂ ਦੀ ਜੀਭ ਬਲਕਿ ਸਾਰੇ ਯੱਗਾਂ ਦਾ ਆਧਾਰ ਅਗਨ ਦੇਵਤਾ ਮੰਨਿਆਂ ਗਿਆ ਹੈ। ਇਸ ਕਰਕੇ ਲੋਹੜੀ ਜੱਗਾਂ ਦੀ ਅਰੰਭਤਾ ਦਾ ਸੂਚਕ ਮੰਨੀ ਜਾਂਦੀ ਹੈ। ਇਵੇਂ ਲੋਹੜੀ ਵਾਲੇ ਦਿਨ, ਜਾਣੇ ਅਣਜਾਣੇ, ਅਗਨ ਦੇਵਤਾ ਦੀ ਖੂਬ ਪੂਜਾ ਕੀਤੀ ਜਾਂਦੀ ਹੈ। ਇਸ ਦੇ ਨਾਲ ਸਾਨੂੰ ਇਹ ਵੀ ਸੋਚਣ ਦੀ ਲੋੜ ਹੈ ਕਿ ਇਸ ਮਨਮਤਿ ਨਾਲ, ਅਸੀਂ ਅਪਣੀ ਸੰਤਾਨ ਨੂੰ ਵਿਰਾਸਤ ਵਿੱਚ ਕਿਹੜੀ ਸਿੱਖੀ ਦੇ ਰਹੇ ਹਾਂ?

ਲੋਹੜੀ ਅਤੇ ਸਗਨ-ਅਪਸਗਨ-ਗੁਰਬਾਣੀ ਦਾ ਫੁਰਮਾਨ ਹੈ-ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ (੪੦੧) ਭਾਵ ਇਨ੍ਹਾਂ ਸਗਨਾਂ-ਅਪਸਗਨਾਂ ਦੇ ਚੱਕਰ ਵਿੱਚ ਉਹੀ ਲੋਕ ਪੈਂਦੇ ਨੇ, ਜਿਨ੍ਹਾਂ ਨੂੰ ਰੱਬ ਯਾਦ ਨਹੀਂ ਅਉਂਦਾ ਪਰ ਪ੍ਰਮਾਤਮਾ ਵਿੱਚ ਵਿਸ਼ਵਾਸ ਰੱਖਣ ਵਾਲੇ ਕਦੇ ਸਗਨਾਂ-ਅਪਸਗਨਾਂ ਦੇ ਵਹਿਮ ਵਿੱਚ ਨਹੀਂ ਪੈਂਦੇ। ਭਾਰਤ ਵਿੱਚ ਬਹੁਤਾ, ਹਿੰਦੂ ਬ੍ਰਾਹਮਣ ਦਾ ਪ੍ਰਭਾਵ ਹੋਣ ਕਰਕੇ, ਫਸਲਾਂ ਵੀ ਸਗਨ ਅਪਸਗਨ ਦੇਖ ਕੇ ਬੀਜੀਆਂ ਜਾਂਦੀਆਂ ਅਤੇ ਅੱਜ ਵੀ ਅਜਿਹਾ ਕੀਤਾ ਜਾ ਰਿਹਾ ਹੈ। ਇਸ ਕਰਕੇ ਲੋਹੜੀ ਦੇ ਸ਼ੁਭ ਸ਼ਗਨਾਂ ਦੇ ਨਾਮ ਤੇ ਪਹਿਲੇ ਚੌਵੀ ਘੰਟੇ ਸਗਨਾਂ ਨੂੰ ਹੀ ਸਮ੍ਰਪਤ ਹੁੰਦੇ ਹਨ। "ਮਾਘ ਰਿੱਧੀ ਪੋਹ ਖਾਧੀ" ਦੇ ਕਥਨ ਅਨੁਸਾਰ ਪੰਜਾਬ ਵਿੱਚ ਰਾਤ ਨੂੰ ਪੋਹ ਮਹੀਨੇ ਦੇ ਆਖਰੀ ਦਿਨ, ਖਿਚੜੀ ਰਿੰਨ੍ਹ ਲਈ ਜਾਂਦੀ ਅਤੇ ਸਵੇਰੇ ਮਾਘੀ ਦੀ ਸੰਗ੍ਰਾਂਦ ਵਾਲੇ ਦਿਨ ਖਾਧੀ ਜਾਂਦੀ ਹੈ। ਉਚੇਚੇ ਰਾਤ ਨੂੰ ਰਿੰਨ੍ਹ ਕੇ, ਸਵੇਰੇ ਖਾਣ ਵੇਲੇ, ਇਸ ਸਗਨ ਪਿੱਛੇ ਅੰਨ ਦੇਵਤੇ ਪਾਸੋਂ ਕਾਮਨਾ ਕੀਤੀ ਜਾਂਦੀ ਹੈ ਕਿ ਅੰਨ ਭੰਡਾਰ ਹਰ ਸਵੇਰ ਚਲਦਾ ਅਤੇ ਫ਼ਸਲਾਂ ਸਦਾ ਵਧਦੀਆਂ ਫੁਲਦੀਆਂ ਰਹਿਣ। ਜਰਾ ਸੋਚੋ! ਕੀ ਫਸਲਾਂ ਚੰਗੀ ਦੇਖ-ਭਾਲ, ਚੰਗੇ ਵਾਤਾਵਰਣ ਅਤੇ ਵਧੀਆ ਮੌਸਮ ਨਾਲ ਵਧਦੀਆਂ ਫੁੱਲਦੀਆਂ ਹਨ ਜਾਂ ਕਿਸੇ ਮੰਤ੍ਰ ਪੜ੍ਹਨ ਜਾਂ ਸਗਨ-ਅਪਸਗਨ ਮੰਨਣ ਨਾਲ?

ਠੰਡੀ ਸਿਆਲੀ ਰੁੱਤ ਹੋਣ ਕਰਕੇ ਪੁਰਾਨੇ ਸਮੇਂ ਲੋਕ ਠੰਡ ਤੋਂ ਬਚਨ ਲਈ ਗਲੀਆਂ, ਚੌਰਾਹਿਆਂ ਅਤੇ ਮੁਹੱਲਿਆਂ ਵਿੱਚ ਲੱਕੜ ਦੇ ਵੱਡੇ-ਵੱਡੇ ਖੁੰਡਾਂ, ਗੋਹਿਆਂ ਆਦਿਕ ਦੀ ਅੱਗ ਬਾਲ ਕੇ ਸੇਕਦੇ, ਤਿਲ-ਗੁੜ ਦੀਆਂ ਬਣੀਆਂ ਰਿਉੜੀਆਂ, ਮੂੰਗਫਲੀ ਆਦਿਕ ਖਾਂਦੇ ਅਤੇ ਖੁਸ਼ੀ ਦੇ ਗੀਤ ਗਾਉਂਦੇ ਸਨ। ਵੇਖਾਵੇ ਵਾਲੇ ਧਰਮ ਅਤੇ ਵਹਿਮ-ਭਰਮ-ਪਾਖੰਡ ਦੇ ਨਾਂ ਤੇ, ਪੇਟ ਪਾਲਣ ਵਾਲੇ ਪੁਜਾਰੀ, ਹਰ ਵੇਲੇ ਇਸ ਤਾਕ ਵਿੱਚ ਰਹਿੰਦੇ ਹਨ ਕਿ ਜਿਸ ਕਰਮ ਵੱਲ ਲੋਕਾਂ ਦਾ ਝੁਕਾ ਵੱਧ ਹੈ ਕਿਉਂ ਨਾਂ ਉਸ ਨੂੰ ਧਰਮ ਨਾਲ ਜੋੜ ਕੇ, ਪੂਜਾ ਦੇ ਨਾਂ ਤੇ, ਸ਼ਰਧਾਲੂਆਂ ਤੋਂ ਮਾਇਆ ਦੇ ਗੱਫੇ ਬਟੋਰੇ ਜਾਣ। ਅੱਗ ਨੂੰ ਵੇਦਾਂ ਵਿੱਚ ਦੇਵਤਿਆਂ ਦੀ ਜੀਭ ਮੰਨਿਆਂ ਗਿਐ ਜੋ ਇਸ ਵਿੱਚ ਭੇਟਾ ਕੀਤਾ ਜਾਵੇ, ਉਹ ਸਿੱਧਾ ਦੇਵਤਿਆਂ ਨੂੰ ਪਹੁੰਚ ਜਾਂਦੈ ਅਤੇ ਦੇਵੀ-ਦੇਵਤਾ ਪ੍ਰਸੰਨ ਹੋ ਕੇ ਵਰ ਦਿੰਦੇ ਹਨ। ਇਹ ਸਾਰਾ ਕੁਝ ਪੁਜਾਰੀ ਰਾਹੀਂ ਕਰਵਾਇਆ ਜਾਵੇ ਤਾਂ ਜਲਦੀ ਪਹੁੰਚਦਾ ਹੈ। ਪੁਜਾਰੀ ਲੋਕ ਚੰਗੇ ਮੰਦੇ ਸਮੇਂ ਦੇ ਸਗਨ-ਅਪਸਗਨ ਵੀ ਦਸਦੇ ਹਨ। ਲੋਕ ਡਰਦੇ ਨੇ ਕਿ ਕਿਤੇ ਅਪਸ਼ਗਨ ਨਾਂ ਹੋ ਜਾਵੇ, ਇਸ ਲਈ ਉਹ ਹਰ ਕੰਮ ਭਾਂਵੇ ਉਹ ਖੁਸ਼ੀ, ਗਮੀ, ਬੀਜ-ਬਜਾਈ, ਖਾਨ-ਪਾਨ ਜਾਂ ਕੋਈ ਘਰ, ਜਮੀਨ ਆਦਿਕ ਖ੍ਰੀਦਨ ਦਾ ਹੋਵੇ, ਜਨਮ ਤੋਂ ਮਰਨ ਤੱਕ ਇਨ੍ਹਾਂ ਅਖੌਤੀ ਧਰਮ ਪੁਜਾਰੀਆਂ ਤੋਂ ਪੁੱਛ ਕੇ ਕਰਦੇ ਹਨ। ਇਵੇਂ ਹੀ ਲੋਹੜੀ ਵਾਲੇ ਦਿਨ ਜਿੱਥੇ ਆਮ ਲੋਕ ਘਰਾਂ ਵਿੱਚੋਂ ਗੁੜ, ਮੂੰਗਫਲੀਆਂ ਅਤੇ ਰਿਉੜੀਆਂ ਇਕੱਠੀਆਂ ਕਰਕੇ ਲਿਆਉਂਦੇ ਅਤੇ ਠੰਡ ਤੋਂ ਬਚਣ ਲਈ ਅੱਗ ਦੇ ਅੰਗੀਠੇ ਦੁਆਲੇ ਬੈਠ ਕੇ ਖਾਂਦੇ ਸਨ। ਫਿਰ ਬ੍ਰਾਹਮਣ ਪੁਜਾਰੀ ਦੇ ਕਹਿਣ 'ਤੇ, ਅਗਨ ਦੇਵਤਾ ਨੂੰ ਖੁਸ਼ ਕਰਨ ਲਈ, ਤਿਲ ਆਦਿਕ ਸਮਗਰੀ ਅਗਨਿ ਭੇਟ ਅਤੇ ਸੰਗ੍ਰਾਂਦ ਆਦਿਕ ਦਿਨਾਂ 'ਤੇ, ਧਰਮ ਅਸਥਾਨਾਂ ਉਪਰ ਪਹੁੰਚ ਕੇ, ਮਨ ਚਾਹਿਆ ਦਾਨ ਕਰਨ ਲੱਗ ਪਏ। ਜਿਸ ਨਾਲ ਪੁਜਾਰੀ ਬਾਮ੍ਹਣ ਭਾਊ ਦਾ ਹਲਵਾ ਮੰਡਾ ਖੂਬ ਚੱਲਣ ਲੱਗ ਪਿਆ। ਉਸ ਨੇ ਏਵੇਂ ਦੇ ਪੁੰਨਿਆਂ, ਮੱਸਿਆ, ਸੰਗਰਾਂਦ, ਦਸਵੀਂ, ਪੰਚਕਾਂ, ਹੋਲੀ, ਲੋਹੜੀ ਆਦਿਕ ਅਨੇਕ ਦਿਨ ਦਿਹਾਰ, ਮੇਲਿਆਂ ਦੇ ਵੱਡੇ ਇਕੱਠ ਦੇ ਰੂਪ ਵਿੱਚ ਮਨਾਉਣੇ ਸ਼ੁਰੂ ਕਰ ਦਿੱਤੇ। ਜਿਨ੍ਹਾਂ ਨੂੰ ਇਸੇ ਬ੍ਰਾਹਮਣ ਦੇ ਬਦਲਵੇਂ ਰੂਪ ਉਦਾਸੀ, ਨਿਰਮਲੇ, ਸੰਤ, ਮਹੰਤ, ਅਜੋਕੇ ਡੇਰੇਦਾਰ ਅਤੇ ਸੰਪ੍ਰਦਾਈ ਗ੍ਰੰਥੀਆਂ ਨੇ ਵੀ ਰੋਜੀ ਰੋਟੀ ਲਈ ਅਪਣਾਅ ਲਿਆ। ਇਨ੍ਹਾਂ ਦਿਨਾਂ ਤੇ ਪਾਠਾਂ ਦੀਆਂ ਇਕੋਤਰੀਆਂ, ਕੀਰਤਨ ਦਰਬਾਰ, ਜੱਗ, ਹਵਨ ਆਦਿਕ ਕਰ, ਵੱਡੀਆਂ-੨ ਭੇਟਾਵਾਂ ਲੈ ਕੇ, ਜਨਤਾ ਨੂੰ ਲੁੱਟਿਆ ਜਾਂਦਾ ਹੈ।

ਹੁਣ ਸਿੱਖਾਂ ਦੇ ਡੇਰਿਆਂ ਅਤੇ ਕੁਝ ਸੰਸਥਾਵਾਂ ਨੇ ਇਸ ਬਹਾਨੇ ਫੰਡ ਇਕੱਠਾ ਕਰਨ ਅਤੇ ਮੀਡੀਏ ਵਿੱਚ ਆਏ ਰਹਿਣ ਲਈ ਪੁੱਤਾਂ ਦੀ ਥਾਂ ਧੀਆਂ ਦੀਆਂ ਲੋਹੜੀਆਂ ਮਨਾਉਂਣੀਆਂ ਸ਼ੁਰੂ ਕਰ ਦਿੱਤੀਆਂ ਹਨ। ਜਰਾ ਸੋਚੋ! ਜਿਸ ਤਿਉਹਾਰ ਨਾਲ ਸਾਡਾ ਸਬੰਧ ਹੀ ਕੋਈ ਨਹੀਂ ਉਸ ਨੂੰ ਧੀਆਂ-ਪੁੱਤਾਂ ਨਾਲ ਕਿਵੇਂ ਜੋੜਿਆ ਜਾ ਸਕਦਾ ਹੈ।

ਅੱਜ ਪੁਰਾਣਾ ਜਮਾਨਾਂ ਨਹੀਂ ਕਿ ਠੰਡ ਤੋਂ ਬਚਣ ਲਈ, ਲਕੜਾਂ-ਗੋਹਿਆਂ ਆਦਿਕ ਦੀਆਂ ਅੱਗਾਂ ਬਾਲ ਕੇ ਹੀ, ਨਿੱਘ ਪ੍ਰਾਪਤ ਕੀਤਾ ਜਾ ਸਕੇ। ਅੱਜ ਦੇ ਜਮਾਨੇ ਵਿੱਚ ਮਣਾਂ-ਮੂੰਹੀਂ ਅਨਾਜ਼ ਸਾੜਨਾ ਮੂਰਖਤਾ ਨਹੀਂ ਤਾਂ ਹੋਰ ਕੀ ਹੈ? ਜਿਸ ਸ਼ੇਰ ਮਰਦ ਗੁਰੂ ਨਾਨਕ ਸਾਹਿਬ ਨੇ, ਡੰਕੇ ਦੀ ਚੋਟ ਨਾਲ ਔਰਤ ਅਤੇ ਮਰਦ ਨੂੰ ਬਾਬਰਤਾ ਦਿੱਤੀ ਸੀ, ਕੀ ਇਹ ਧੀਆਂ ਦੀਆਂ ਲੋਹੜੀਆਂ ਮਨਾਉਣ ਵਾਲੇ ਬਰਾਬਰਤਾ ਦੇ ਅਧਾਰ ਤੇ ਆਪਣੀਆਂ, ਮਾਵਾਂ, ਭੈਣਾਂ, ਧੀਆਂ ਨੂੰ ਪੰਜਾਂ ਪਿਆਰਿਆਂ ਦੀ ਦੇਗ਼, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ, ਗ੍ਰੰਥੀ, ਪੰਜਾਂ ਤਖਤਾਂ ਚੋਂ ਕਿਸੇ ਤਖਤ ਦੀ ਜਥੇਦਾਰੀ ਦੀ ਸੇਵਾ ਅਤੇ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋ, ਖੰਡੇ ਬਾਟੇ ਦੀ ਪਹੁਲ ਤਿਆਰ ਕਰਨ ਦੀ ਮਾਨਤਾ, ਦੇਣ ਜਾਂ ਦਿਵਾਉਣ ਲਈ, ਯਤਨਸ਼ੀਲ ਸਿੱਖ ਸੰਸਥਾਵਾਂ ਦਾ ਸਾਥ ਦੇਣਗੇ? ਲੋਹੜੀ ਬਾਲਣ ਵਾਲੇ ਇਹ ਦੱਸਣਗੇ ਕਿ ਸ਼ਬਦ ਗੁਰੂ ਗ੍ਰੰਥ ਵਿਖੇ, ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਨੇ ਆਪਣੇ ਗੁਰਮਤੀ ਜੀਵਨ-ਕਾਲ ਸਮੇਂ, ਧੀਆਂ-ਪੁੱਤਾਂ ਦੀਆਂ ਲੋਹੜੀਆਂ ਬਾਲੀਆਂ ਸਨ? ਕੀ ਬੇਬੇ ਨਾਨਕੀ, ਮਾਤਾ ਖੀਵੀ, ਮਾਤਾ ਗੰਗਾ, ਬੀਬੀ ਵੀਰੋ, ਮਾਤਾ ਗੁਜਰੀ, ਮਾਤਾ ਜੀਤੋ, ਮਾਤਾ ਭਾਗ ਕੌਰ, ਬੀਬੀ ਸ਼ਰਨ ਕੌਰ ਆਦਿਕ ਸਿੱਖ ਬੀਬੀਆਂ ਨੇ ਵੀ, ਗੁਰਮਤਿ ਧਾਰਨ ਕਰਕੇ ਲੋਹੜੀ ਬਾਲੀ ਜਾਂ ਮਨਾਈ ਸੀ?

ਗੁਰੂ ਪਾਤਸ਼ਾਹ ਨੇ ਗੁਰਬਾਣੀ ਰਾਹੀਂ ਸੰਗਤਾਂ ਨੂੰ ਹੋਮ-ਯੱਗਾਂ ਅਤੇ ਦੇਵੀ ਦੇਵਤਿਆਂ ਦੀ ਪੂਜਾ ਤੋਂ ਰੋਕਿਆ ਹੈ। ਗੁਮਮਤਿ ਵਿੱਚ ਕੇਵਲ ਕਰਤੇ ਦੀ ਪੂਜਾ ਹੀ ਸਮਝਾਈ ਗਈ ਹੈ-ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ (੪੮੯) ਅਗਨੀ, ਹਵਾ, ਪਾਣੀ, ਅਨਾਜ ਦੀ ਪੂਜਾ ਨੂੰ ਕਿਰਤਮ ਦੀ ਪੂਜਾ ਦੱਸਕੇ ਇਸ ਤੋਂ ਸੁਚੇਤ ਕੀਤਾ ਹੈ। ਗੁਰੂ ਦੀ ਸਿਖਿਆ ਲੈ, ਜੀਵਨ ਨੂੰ ਚਲਾਉਣਾ ਅਤੇ ਇਸ ਤਰ੍ਹਾਂ ਜੀਂਦੇ ਜੀਅ ਆਪਣੇ ਮਨੁੱਖਾ ਜੀਵਨ ਨੂੰ ਚੰਗੇ ਗੁਣਾਂ ਵਾਲਾ ਸਦਾਚਾਰੀ ਬਣਾ "ਗੁਣ ਕਹਿ ਗੁਣੀ ਸਮਾਵਣਿਆ" ਹੋਣਾ ਹੈ। ਇਸੇ ਨੂੰ ਗੁਰਬਾਣੀ ਵਿੱਚ ਜੀਵਨ ਮੁਕਤ ਹੋਣਾ ਵੀ ਆਖਿਆ ਗਿਆ ਹੈ। ਗੁਰਬਾਣੀ ਦੀ ਸਿਖਿਆ ਅਨੁਸਾਰ ਚੱਲਣ ਵਾਲਾ ਇਨਸਾਨ, ਇਸ ਅਵਸਥਾ ਨੂੰ ਸਹਿਜੇ ਹੀ ਪ੍ਰਾਪਤ ਕਰ ਲੈਂਦਾ ਹੈ। ਲੋਹੜੀ ਦਾ ਤਿਉਹਾਰ ਸਿੱਖ ਸਿਧਾਂਤਾਂ ਨਾਲ ਮੇਲ ਹੀ ਨਹੀਂ ਖਾਂਦਾ ਪਰ ਗੁਰਮਤਿ ਵਿਹੂਣੇ ਪ੍ਰਚਾਰਕਾਂ ਅਤੇ ਪ੍ਰਬੰਧਕਾਂ ਕਾਰਨ, ਅੱਜ ਸਿੱਖਾਂ ਅੰਦਰ ਗੁਰਬਾਣੀ ਅਨੁਸਾਰ ਜੀਵਨ ਢਾਲਣ ਦੀ ਥਾਂ, ਅੰਧਵਿਸ਼ਵਾਸਾਂ ਦਾ ਦੌਰ ਚੱਲ ਰਿਹੈ ਜਿਸ ਕਰਕੇ ਅਜੋਕੇ ਦੌਰ ਵਿੱਚ, ਦੂਜਿਆਂ ਦੀ ਦੇਖਾ ਦੇਖੀ, ਕਈ ਸਿੱਖ ਵੀ ਇਸ ਨੂੰ ਆਪਣਾ ਤਿਉਹਾਰ ਜਾਣ, ਕਈ-ਕਈ ਦਿਨ ਪਹਿਲਾਂ ਹੀ, ਲੋਹੜੀ ਦੀ ਤਿਆਰੀ ਵਿੱਚ ਜੁੱਟ ਜਾਂਦੇ ਹਨ। ਇਸ ਦਿਨ, ਕਈ ਮਨਚਲੇ ਸ਼ਰਾਬ ਆਦਿਕ ਮਾਰੂ ਨਸ਼ੇ ਸੇਵਨ ਕਰਕੇ, ਆਪਣੀ ਧੰਨ ਦੌਲਤ ਅਤੇ ਇਜ਼ਤ ਆਬਰੂ ਵੀ ਮਿੱਟੀ ਵਿੱਚ ਰੋਲਦੇ ਹੋਏ, ਸਿੱਖੀ ਤੋਂ ਬੇਮੁੱਖ ਹੋ, ਨਸ਼ੇ ਵਿੱਚ ਧੁੱਤ, ਲੜਾਈਆਂ-ਝਗੜੇ ਅਤੇ ਮਾਰ-ਕੁਟਾਈਆਂ ਕਰਕੇ, ਮੁਕੱਦਮੇ ਬਾਜ਼ੀਆਂ ਦਾ ਕਾਰਣ ਵੀ ਬਣਦੇ ਹਨ। ਕਈ ਵਾਰੀ ਤਿਉਹਾਰਾਂ ਤੇ ਆਪਣੀਆਂ ਪੁਰਾਣੀਆਂ ਦੁਸ਼ਮਣੀਆਂ ਵੀ ਕੱਢੀਆਂ ਜਾਂਦੀਆਂ ਅਤੇ ਅਨੇਕਾਂ ਨੂੰ ਲੰਮਾ ਸਮਾਂ ਜੇਲ੍ਹਾਂ, ਵਕੀਲਾਂ ਆਦਿਕ ਦੇ ਚੱਕਰ ਵੀ ਕੱਟਣੇ ਪੈਂਦੇ ਹਨ।

(ਬਾਕੀ ਸਫਾ ਬੀ 20 ਤੇ)


LANGLEY BANQUET HALL



SERVICE AVAILABLE IN SURREY, DELTA, LANGLEY & ALDERGROVE

6 DAY TIFFIN SERVICE
4 DAY VEG / 2 DAY NON VEG
1 DAAL 1 SABZI 8 ROTI WITH RAITA AND DESSERT
220$ a month
OR
6 DAY VEG
1 DAAL 1 SABZI
8 ROTI WITH RAITA AND DESSERT 200$ month

ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
ਜਨਮ ਦਿਨ
ਕੁੜਮਾਈ
ਵਿਆਹ
ਗ੍ਰੈਜੂਏਸ਼ਨ
ਐਨੀਵਰਸਰੀਜ਼
ਆਫਿਸ ਪਾਰਟੀਜ਼
ਸੈਮੀਵਾਰਜ਼
ਲੈਡੀਜ਼ ਪਾਰਟੀ
ਰੀਸੈਪਸ਼ਨਸ
ਬਿਜ਼ਨਿਸ ਮੀਟਿੰਗਸ

ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlesssteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕਾਵਿ ਕਿਆਰੀ

## 26 ਜਨਵਰੀ 'ਤੇ ਵਿਸ਼ੇਸ

ਮਾਂ! ਇਹ ਕੀ ਹੋ ਰਿਹਾ ਏ
ਏਨਾਂ ਭੀੜ ਭੜਕਾ ਕਿਉਂ ਏ ਮਾਂ
ਅੱਜ ਸੜਕਾਂ ਬੜੀਆਂ ਸਾਫ ਸੂਫ ਨੇ
ਸੜਕਾਂ 'ਤੇ ਚੂਨਾ ਕਿਉਂ ਖਿਲਰਿਆ ਹੋਇਆ ਏ
ਪੁਲਿਸ ਵਾਲੇ ਚਾਰ ਚੁਫੇਰੇ ਕਿਉਂ ਹਨ, ਮਾਂ
ਪੁਲਿਸ ਵਾਲੇ ਕਿੰਨੇ ਚੰਗੇ ਲੱਗ ਰਹੇ ਹਨ ।
ਮਾਂ, ਏਨੇ ਸਾਰੇ ਬੱਚੇ ਲਾਈਨਾਂ ਵਿੱਚ
ਕਿੱਧਰ ਜਾ ਰਹੇ ਹਨ
ਮਾਂ, ਕਿੰਨੇ ਸੋਹਣੇ ਲੱਗਦੇ ਹਨ ਬੱਚੇ
ਸੜਕ ਪਾਰ ਕਰਦਿਆਂ
ਇਕ ਮਜ਼ਦੂਰ ਮਾਂ ਦੇ ਅਸਿੱਖਿਅਕ ਬੱਚੇ ਨੇ ਕਿਹਾ,
ਮਾਂ ਨੇ ਕਿਹਾ:ਚੱਲ ਜਲਦੀ ਚੱਲ
ਸਮੇਂ ਸਿਰ ਨਾ ਪਹੁੰਚੇ ਤਾਂ
ਠੇਕੇਦਾਰ ਗਾਲੀਆਂ ਦੇਵੇਗਾ
ਜਲਦੀ ਜਲਦੀ ਚਲਦਿਆਂ
ਸੜਕ ਪਾਰ ਕਰਨ ਲੱਗੇ
ਤਾਂ ਇੱਕ ਪੁਲਿਸ ਵਾਲੇ ਨੇ
ਜੋਸ਼ ਵਿੱਚ ਰੋਕਦੇ ਹੋਏ ਉਨ੍ਹਾਂ ਨੂੰ ਕਿਹਾ
''ਤੈਨੂੰ ਦਿਸਦਾ ਨਈ ਮਨਿਸਟਰ ਸਾਹਿਬ ਦੀਆਂ,
ਗੱਡੀਆਂ ਆਉਣ ਵਾਲੀਆਂ ਨੇ
ਚੱਲ ਕਮਬਖ਼ਤ ਪਰ੍ਹਾਂ ਮਰ ਜਾ ਕੇ
ਅੰਨੇ ਵਾਹ ਦੌੜੀ ਆਉਣੀ ਏ''
ਮਾਂ ਨੂੰ ਬੱਚੇ ਸਮੇਤ ਪਰ੍ਹਾਂ ਧਕੇਲ ਦਿੱਤਾ
ਮਾਂ ਮਾਯੂਸ ਹੋ ਕੇ ਢੀਠਾਂ ਵਾਂਗ
ਵਾਪਿਸ ਹੋ ਗਈ
ਕਿਸੇ ਹੋਰ ਰਸਤੇ ਦੀ ਭਾਲ ਵਿਚ
ਕਿਤੇ ਦਿਹਾੜੀ ਲਾਉਣ ਤੋਂ ਦੇਰ ਨਾ ਹੋ ਜਾਏ
ਛੋਟੇ ਬੱਚੇ ਨੇ ਮਾਂ ਦੇ ਮੂੰਹ ਵੱਲ ਵੇਖਦੇ ਹੋਏ
ਰੂਆਂਸੀ ਆਵਾਜ਼ ਵਿੱਚ ਕਿਹਾ
''ਮਾਂ ! ਸਾਨੂੰ ਪੁਲਿਸ ਵਾਲੇ ਨੇ
ਧੱਕਾ ਕਿਉਂ ਮਾਰਿਆ ਏ''
''ਪੁੱਤਰ ! ਅੱਜ ਛੱਬੀ ਜਨਵਰੀ ਏ''
''ਮਾਂ, ਉਹ ਕੀ ਹੁੰਦੀ ਏ?

ਬਲਵਿੰਦਰ ਬਾਲਮ ਗੁਰਦਾਸਪੁਰ
98156-25409

## ਧੀਆਂ ਦੀ ਲੋਹੜੀ

ਲੋਹੜੀ ਪੁੱਤਾਂ ਦੀ ਹੁੰਦੀ ਸੀ ਕਦੇ ਪਹਿਲਾਂ ,
ਹੋ ਗਈ ਲੋਹੜੀ ਹੁਣ ਧੀਆਂ ਧਿਆਣੀਆਂ ਦੀ।
ਪੁੱਤਾਂ ਵਾਂਗ ਹੀ ਧੀਆਂ ਨੂੰ ਪਿਆਰ ਕਰੀਏ ,
ਕਦਰ ਹੋ ਗਈ ਧੀਆਂ ਸਿਆਣੀਆਂ ਦੀ।
ਪੁੱਤਰ ਹੁੰਦੇ ਡੰਗੋਰੀ ਸੀ ਮਾਪਿਆਂ ਦੀ,
ਅੱਜਕੱਲ੍ਹ ਧੀਆਂ ਵੀ ਪੁਤਰਾਂ ਤੋਂ ਘੱਟ ਹੈਨੀ।
ਸਮਾਂ ਗੁਜ਼ਰਿਆ ਬਦਲ ਗਏ ਰੰਗ ਸਾਰੇ,
ਹੁਣ ਕੋਈ ਵਿਤਕਰਿਆਂ ਵਾਲੜੀ ਵੱਟ ਹੈਨੀ।
ਗੁਰਾਂ ਦਿੱਤਾ ਸਤਿਕਾਰ ਸੀ ਨਾਰੀਆਂ ਨੂੰ,
ਮਾੜੀ ਸੋਚ ਨੂੰ ਜੜੋਂ ਮਿਟਾ ਦਿੱਤਾ।
ਅਰਧਾਂਗਣੀ ਮਰਦ ਦੀ ਬਾਂਹ ਬਣ ਗਈ,
ਜੁੱਤੀ ਪੈਰ ਦੀ ਕਹਿਣੋਂ ਹਟਾ ਦਿੱਤਾ।
ਸੇਵਾ ਸਿਮਰਨ ਦੀ ਉਸ ਨੂੰ ਦਾਦ ਦਿੱਤੀ,
ਮਾਈਆਂ ਰੱਬ ਰਜਾਈਆਂ ਦਾ ਵਰ ਦਿੱਤਾ।
ਮਾਂ ਸੂਰਮੇ , ਭਗਤਾਂ ਤੇ ਦਾਤਿਆਂ ਦੀ,
ਦੁੱਖੜਾ ਜੁਗਾਂ ਦਾ ਏਸ ਦਾ ਹਰ ਦਿੱਤਾ।
ਚੰਡੀ ਬਣ ਕੇ ਰਣਾਂ ਵਿੱਚ ਜੂਝੀ ਗਈ ਇਹ,
ਮਾਈ ਭਾਗੋ ਬਣ ਵੈਰੀ ਮਿਟਾ ਦਿੱਤੇ।
ਸੂਰਮਗਤੀ ਤੇ ਵਿਦਿਆ ਦਾਤ ਪਾਕੇ,
ਇਹਨੇ ਜਗਤ ਨੂੰ ਸਬਕ ਪੜ੍ਹਾ ਦਿੱਤੇ।
ਮਾਤਾ ਖਾਲਸੇ ਦੀ ਸਾਹਿਬ ਕੌਰ ਬਣ ਕੇ,
ਇਸ ਉੱਚੀਆਂ ਪਦਵੀਆਂ ਪਾ ਲਈਆਂ।
ਮਾਂ ਗੁਜਰੀ ਬਣ ਧਾਰਕੇ ਸਹਿਣ ਸ਼ਕਤੀ,
ਜੜਾਂ ਧਰਮ ਦੀਆਂ ਸਾਰੇ ਥਾਂ ਲਾ ਲਈਆਂ।
ਸਮਾਂ ਆਇਆ ਵਿਗਿਆਨ ਦਾ ਸੋਚ ਬਦਲੀ,
ਹਰ ਥਾਂ ਔਰਤਾਂ ਕਾਜ ਚਲਾ ਰਹੀਆਂ।
ਕਈ ਦੇਸ਼ਾਂ ਦੇ ਵਿੱਚ ਸਰਕਾਰ ਚੱਲੇ ,
ਹਵਾ ਵਿੱਚ ਜਹਾਜ਼ ਉਡਾ ਰਹੀਆਂ।
ਪੁੱਤਰ - ਧੀਆਂ ਨੇ ਦਾਤ ਪਰਮਾਤਮਾ ਦੀ,
ਔਰਤ - ਮਰਦ ਨੇ ਗੱਡੀ ਦੇ ਦੋ ਪਹੀਏ।
ਪੁੱਤਰ-ਧੀਆਂ ਦੇ ਵਿੱਚ ਨਾ ਫਰਕ ਕਰੀਏ,
'ਰਸੀਆ' ਦੋਵਾਂ ਦੇ ਆਉਣ ਤੇ ਖੁਸ਼ ਰਹੀਏ।



-ਗੁਰਜਿੰਦਰ ਸਿੰਘ ਰਸੀਆ,
ਧਨੌਲਾ (ਬਰਨਾ.ਲਾ)

## ਕਵਿਤਾ

ਪੰਜਾਬ ਹੈ ਇੱਥੇ ਕਿੱਥੇ
ਵਿਚ ਕਿਤਾਬਾਂ ਰਹਿ ਗਏ ਕਿੱਸੇ।
ਟੁੱਟਿਆ ਹਾਰ ਖਿਲਰਗੀਆਂ ਕਲੀਆਂ,
ਮਲਦੇ ਰਹਿ ਗਏ ਅਣਖੀ ਤਲੀਆਂ,
ਲੈ ਕੇ ਬਹਿ ਗਏ ਮੂੰਹ ਦੇ ਮਿੱਠੇ,
ਪੰਜਾਬ ਹੈ ਇਥੇ ਕਿਥੇ,
ਵਿਚ ਕਿਤਾਬਾਂ ਰਹਿ ਗਏ ਕਿੱਸੇ।
ਕਿਹੜੇ ਮੂੰਹ ਨਾਲ ਪੰਜਾਬ ਬੁਲਾਵਾਂ,
ਪੰਜਾਬ ਨਹੀਂ ਕਿਵੇਂ ਭੁਲਾਵਾਂ,
ਫਲ ਬਕ ਬਕੇ ਤੇ ਹੋ ਗਏ ਫਿੱਕੇ,
ਪੰਜਾਬ ਹੈ ਇਥੇ ਕਿਥੇ,
ਵਿਚ ਕਿਤਾਬਾਂ ਰਹਿ ਗਏ ਕਿੱਸੇ।
ਲੜਦੇ ਰਹਿ ਗਏ ਪੰਜਾਬ ਲਈ,
ਸ਼ਹੀਦ ਨੇ ਹੋ ਗਏ ਇਸ ਤਾਜ ਲਈ,
ਸੁਪਨੇ ਰਹਿ ਗਏ ਵਿਚੇ ਹੀ ਵਿਚੇ,
ਪੰਜਾਬ ਹੈ ਇਥੇ ਕਿਥੇ,
ਵਿਚ ਕਿਤਾਬਾਂ ਰਹਿ ਗਏ ਕਿੱਸੇ।
ਬਚਿਆ ਖੁਚਿਆ ਪਾਣੀ ਰੜਕੇ,
ਚੋਰ ਲੁੱਟਣ ਲਈ ਫਿਰ ਤੋਂ ਕੜਕੇ,
ਰੋਅਬ ਨਾਲ ਕਦੇ ਹੁੰਦੇ ਮਿੱਠੇ,
ਪੰਜਾਬ ਹੈ ਇਥੇ ਕਿਥੇ,
ਵਿਚ ਕਿਤਾਬਾਂ ਰਹਿ ਗਏ ਕਿੱਸੇ।
'ਸੁਰਿੰਦਰ' ਪੇਚ ਵੇ ਕਸਣਾ ਪੈਣਾ,
ਪੰਜਾਬ ਦਾ ਹੱਕ ਰਖਣਾ ਪੈਣਾ,
ਅਣਖ਼ ਬਿਨਾਂ ਨਾ ਨਿਕਲਣ ਸਿੱਟੇ,
ਪੰਜਾਬ ਹੈ ਇਥੇ ਕਿਥੇ,
ਵਿਚ ਕਿਤਾਬਾਂ ਰਹਿ ਗਏ ਕਿੱਸੇ।

-ਸੁਰਿੰਦਰ 'ਮਾਣੂੰਕੇ ਗਿੱਲ

## ਸਾਡਾ ਮਾਣ ਪੰਜਾਬੀ

ਬੁਸ਼ਰਾ ਨਾਜ਼

ਸਾਡੀ ਇੱਜ਼ਤ ਸਾਡੀ ਅਜ਼ਮਤ ਸਾਡਾ ਮਾਣ ਪੰਜਾਬੀ।
ਇਹਦੇ ਦਮ ਨਾਲ ਸਾਹ ਨੇ ਸਾਡੇ ਸਾਡੀ ਜਾਨ ਪੰਜਾਬੀ।
ਮਾਂ ਬੋਲੀ ਦਾ ਆਦਰ ਕਰਕੇ ਲੋਕਾਂ ਨਾਮ ਕਮਾਏ।
ਵਲੀਆਂ, ਸੂਫ਼ੀਆਂ ਮਾਂ ਬੋਲੀ ਵਿੱਚ ਉੱਚੇ ਰੁਤਬੇ ਪਾਏ।
ਆਪਣੇ ਬੋਲਣਹਾਰਾਂ ਨੂੰ ਇਹ ਵੰਡਦੀ ਸ਼ਾਨ ਪੰਜਾਬੀ।
ਵਾਰਸ ਸ਼ਾਹ ਫ਼ਰੀਦ ਤੇ ਬਾਹੂ ਇਹਨੂੰ ਰੰਗ ਚੜ੍ਹਾਏ।
ਮੀਆਂ ਮੁਹੰਮਦ ਬਖ਼ਸ਼ ਨੇ ਇਹਦੇ ਰੁਤਬੇ ਹੋਰ ਵਧਾਏ।
ਇਸ਼ਕ ਦੇ ਘੁੰਗਰੂ ਬੰਨ੍ਹ ਕੇ ਰੁਸੜਾ ਯਾਰ ਮਨਾਉਣ ਪੰਜਾਬੀ।
ਦੇਸ ਪੰਜਾਬ ਦੇ ਅਣਖ਼ੀ ਪੁੱਤਰਾਂ ਇਸ਼ਕ ਨਮਾਜ਼ ਚਾ ਲੀਤੀ।
ਨਾਨਕ ਸਾਹਿਬ ਹੋਰਾਂ ਨੇ ਵੀ ਇਹਦੀ ਸੇਵਾ ਕੀਤੀ।
ਕਿਉਂ ਨਾ ਇਸ ਮਿੱਠੀ ਬੋਲੀ ਦੇ ਸਦਕੇ ਜਾਣ ਪੰਜਾਬੀ।
ਗਿਣਤੀ ਦੇ ਅੱਖਰਾਂ ਵਿੱਚ ਕਿੱਦਾਂ ਅੱਜ ਵਿਚਾਰਾਂ ਸਦੀਆਂ।
ਮੇਰੇ ਸਾਹਮਣੇ ਖਿੱਲਰੀਆਂ ਪਈਆਂ ਅੱਜ ਹਜ਼ਾਰਾਂ ਸਦੀਆਂ।
ਲਹੂ ਨਾਲ ਲਿਖਤਾਂ ਲਿਖ ਕੇ ਇਸ ਦਾ ਮਾਣ ਵਧਾਣ ਪੰਜਾਬੀ।
ਆਜ਼ਾਦੀ ਦੀ ਬੇੜੀ ਨੂੰ ਇਹ ਦੇਂਦੇ ਰਹੇ ਸਹਾਰੇ।
ਦੇਸ ਦੀ ਧਰਤੀ ਜਦ ਵੀ ਕਿਧਰੇ 'ਵਾਜ਼ ਇਨ੍ਹਾਂ ਨੂੰ ਮਾਰੇ।
ਜਾਨਾਂ ਆਪਣੀਆਂ ਕਰ ਦੇਂਦੇ ਨੇ ਫਿਰ ਕੁਰਬਾਨ ਪੰਜਾਬੀ।
ਸਾਡੇ ਆਪਣੇ ਬਣ ਜਾਂਦੇ ਨੇ ਜਿਹੜੇ ਹੋਣ ਪਰਾਏ।
ਪਿਆਰ ਭਰੱਪਣ ਵਾਲੇ ਜਜ਼ਬੇ ਜੱਗ ਨੂੰ ਅਸਾਂ ਸਿਖਾਏ।
ਅੱਜ ਵੀ ਇਕ ਦੂਜੇ ਨਾਲ ਬੁਸ਼ਰਾ ਪੱਗ ਵਟਾਣ ਪੰਜਾਬੀ।

## .ਗਜ਼ਲ

ਰਾਮ ਸਿੰਘ ਭੀਖੀ

ਜਿਸ ਦੇ ਨਾਲ ਦੁਆਵਾਂ ਹੁੰਦੀਆਂ।
ਉਸ ਤੋਂ ਦੂਰ ਬਲਾਵਾਂ ਹੁੰਦੀਆਂ।
ਉਨ੍ਹਾਂ ਨੇ ਕੀ ਲੈਣਾ ਰੱਬ ਤੋਂ,
ਜਿਨ੍ਹਾਂ ਕੋਲੇ ਮਾਵਾਂ ਹੁੰਦੀਆਂ।
ਜਿੱਥੇ ਦਿਲਬਰ ਬਹਿ ਜੇ ਦੋ ਪਲ,
ਪੂਜਣਯੋਗ ਉਹ ਥਾਵਾਂ ਹੁੰਦੀਆਂ।
ਉਸ ਨੂੰ ਹੋਸ਼ ਭਲਾ ਕੀ ਰਹਿਣਾ,
ਜਿਸ ਵੱਲ ਸ਼ੋਖ ਨਿਗ੍ਹਾਵਾਂ ਹੁੰਦੀਆਂ।
ਕਿਹੜੇ ਪਾਸੇ ਤੋਂ ਉਹ ਫਾਡੀ,
ਜਿਸ ਬੋਝੇ ਕਵਿਤਾਵਾਂ ਹੁੰਦੀਆਂ।
ਮਿੱਟੀ ਵੀ ਸੋਨੇ ਭਾਅ ਵੇਚਣ,
ਜਿਨ੍ਹਾਂ ਕੋਲ ਕਲਾਵਾਂ ਹੁੰਦੀਆਂ।
ਵੱਡੀ ਕਿਸਮਤ ਵਾਲਾ 'ਭੀਖੀ',
ਜਿਸ ਨੂੰ ਹੱਥੀਂ ਛਾਵਾਂ ਹੁੰਦੀਆਂ।

SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886

SINGH THIND & ASSOCIATES
BARRISTERS & SOLICITORS

# ਐੱਸਵਾਈਐੱਲ ਹੁਣ ਕੋਈ ਮੁੱਦਾ ਨਹੀਂ ਰਿਹਾ:ਸੁਖਬੀਰ ਬਾਦਲ



ਅੰਮ੍ਰਿਤਸਰ:-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਸਤਲੁਜ ਯਮੁਨਾ ਲਿੰਕ ਨਹਿਰ (ਐੱਸਵਾਈਐੱਲ) ਨਾ ਕੋਈ ਮੁੱਦਾ ਹੈ ਅਤੇ ਨਾ ਹੀ ਇਸ 'ਤੇ ਮੀਟਿੰਗ ਕਰਨ ਦਾ ਕੋਈ ਲਾਭ ਹੈ। ਉਹ ਅੱਜ ਇਥੇ ਦਰਬਾਰ ਸਾਹਿਬ ਨਤਮਸਤਕ ਹੋਣ ਲਈ ਪੁੱਜੇ ਸਨ। ਉਨ੍ਹਾਂ ਕਿਹਾ ਕਿ ਹੁਣ ਕੋਈ ਨਹਿਰ ਨਹੀਂ ਹੈ, ਨਾ ਪਾਣੀ ਹੈ ਅਤੇ ਨਾ ਹੀ ਜ਼ਮੀਨ। ਇਸ ਲਈ ਇਹ ਹੁਣ ਕੋਈ ਮੁੱਦਾ ਨਹੀਂ ਰਹਿ ਗਿਆ ਅਤੇ ਇਸ ਸਬੰਧੀ ਵਾਰ-ਵਾਰ ਮੀਟਿੰਗ ਕਰਨਾ ਗ਼ਲਤ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਇਸ ਬਾਰੇ ਲਿਖ ਕੇ ਦੇਣਾ ਚਾਹੀਦਾ ਹੈ ਕਿ ਜਿਹੜੀ ਚੀਜ਼ ਹੈ ਹੀ ਨਹੀਂ, ਉਸ ਬਾਰੇ ਗੱਲ ਕਰਨ ਦਾ ਕੀ ਲਾਭ। ਮੁੱਖ ਮੰਤਰੀ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਗੁਰਦੁਆਰਿਆਂ ਦੀਆਂ ਗੋਲਕਾਂ ਬਾਰੇ ਵਰਤੀ ਸ਼ਬਦਾਵਲੀ ਸਬੰਧੀ ਸ੍ਰੀ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਪਾਰਲੀਮੈਂਟ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਸਤਿਕ ਵਿਅਕਤੀ ਹਨ ਅਤੇ ਜੇ ਉਨ੍ਹਾਂ ਨੂੰ ਗੁਰੂ ਘਰ ਦੀ ਮਰਿਆਦਾ ਬਾਰੇ ਕੋਈ ਜਾਣਕਾਰੀ ਨਹੀਂ ਹੈ ਤਾਂ ਮਰਿਆਦਾ ਬਾਰੇ ਘਟੀਆ ਬਿਆਨ ਨਹੀਂ ਦੇਣੇ ਚਾਹੀਦੇ। ਜਾਣਕਾਰੀ ਮੁਤਾਬਕ ਬਾਦਲ ਪਰਿਵਾਰ ਇੱਥੇ ਹਰ ਕੀ ਪੌੜੀ ਵਿਖੇ ਆਰੰਭ ਕਰਵਾਏ ਅਖੰਡ ਪਾਠ ਦੇ ਸਬੰਧ ਵਿੱਚ ਪਹੁੰਚਿਆ ਹੋਇਆ ਹੈ। ਇਸ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਨੇ ਕਈ ਸਾਲ ਪਹਿਲਾਂ ਇਥੇ ਅਖੰਡ ਪਾਠ ਬੁੱਕ ਕਰਾਇਆ ਸੀ ਅਤੇ ਹੁਣ ਵਾਰੀ ਆਈ ਹੈ। ਇੱਥੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਲੰਗਰ ਘਰ ਵਿੱਚ ਜੂਠੇ ਭਾਂਡੇ ਸਾਫ ਕਰਨ ਦੀ ਸੇਵਾ ਕੀਤੀ ਜਦੋਂ ਕਿ ਸੁਖਬੀਰ ਸਿੰਘ ਬਾਦਲ ਨੇ ਜੋੜੇ ਘਰ ਵਿੱਚ ਜੋੜਿਆਂ ਦੀ ਸੇਵਾ ਕੀਤੀ।

(ਸਫਾ ਏ18 ਦੀ ਬਾਕੀ)

ਗੁਰਸਿੱਖਾਂ ਨੂੰ ਅਜਿਹੇ ਕਰਮਕਾਂਡੀ ਤਿਉਹਾਰਾਂ ਨੂੰ ਛੱਡ ਕੇ, ਗੁਰਦੁਆਰਿਆਂ, ਸਕੂਲਾਂ-ਕਾਲਜਾਂ, ਲਾਇਬ੍ਰੇਰੀਆਂ, ਸਮਾਗਮਾਂ ਆਦਿਕ ਥਾਵਾਂ ਤੇ ਜਾ ਕੇ, ਗੁਰਬਾਣੀ ਦੀ ਵਿਚਾਰ ਹੀ ਕਰਨੀ ਚਾਹੀਦੀਐ ਜੋ ਸਾਨੂੰ ਇਨ੍ਹਾਂ ਵਿਖਾਵੇ ਵਾਲੇ ਥੋਥੇ ਕਰਮਕਾਂਡਾਂ ਅਤੇ ਹੂੜਮੱਤਾਂ ਤੋਂ ਬਚਾ ਸਕਦੀ ਹੈ। ਅੱਜ ਅਸੀਂ ਆਪਣਾ ਨਿਆਰਾਪਨ, ਵੱਖਰੀ ਹੋਂਦ, ਦੇਖਾ-ਦੇਖੀ ਦੇ ਥੋਥੇ ਕਰਮਕਾਂਡਾਂ ਵਿੱਚ ਰਲ-ਗਡ ਹੋ ਕੇ, ਮਿਟਾਈ ਜਾ ਰਹੇ ਹਾਂ। ਇਨ੍ਹਾਂ ਤਿਉਹਾਰਾਂ ਦਾ ਹੀ ਅਸਰ ਹੈ ਕਿ ਅਗਿਆਨੀ ਸਿੱਖ, ਅੱਜ ਗੁਰਦੁਆਰਿਆਂ ਵਿਖੇ ਮੱਸਿਆ, ਪੁੰਨਿਆਂ, ਪੰਚਕਾਂ, ਸੰਗ੍ਰਾਂਦਾਂ, ਲੋਹੜੀਆਂ ਅਤੇ ਹੋਲੀਆਂ ਮਨਾ ਕੇ, ਗੁਰਮਤਿ ਸਿਧਾਂਤਾਂ ਅਤੇ ਸਿੱਖ ਕੌਮ ਦੀ ਨਿਆਰੀ ਹੋਂਦ ਦੇ ਪ੍ਰਤੀਕ, ਨਾਨਕਸ਼ਾਹੀ ਕੈਲੰਡਰ ਦਾ ਭਗਵਾਕਰਨ ਕਰੀ ਕਰਾਈ ਜਾ ਰਹੇ ਹਨ। ਨਾਮਵਰ ਪੰਥਕ ਸੰਸਥਾਵਾਂ ਅਤੇ ਸਿੱਖ ਜਥੇਬੰਦੀਆਂ ਦਾ ਫ਼ਰਜ਼ ਬਣਦੈ ਕਿ ਅਜੇਹੇ ਅੰਧਵਿਸ਼ਵਾਸ਼ੀ, ਹੰਕਾਰੀ ਅਤੇ ਪਦਵੀਆਂ ਦੇ ਲਾਲਚੀ ਸਿੱਖਾਂ ਨੂੰ ਇਨ੍ਹਾਂ ਕੋਝੀਆਂ ਚਾਲਾਂ (ਹੂੜਮੱਤਾਂ) ਵਿੱਚੋਂ ਕੱਢਣ ਲਈ, ਕੋਈ ਯੋਗ ਅਤੇ ਠੋਸ ਉਪਰਾਲਾ ਕਰਨ।

ਇਸ ਸਭ ਕੁਝ ਲਈ ਪੰਥ ਦੇ ਸਿਰਕੱਢ ਵਿਦਵਾਨ ਆਗੂਆਂ ਨੂੰ ਛੋਟੇ-ਮੋਟੇ ਮਤ-ਭੇਦ ਭੁਲਾ, ਇੱਕ ਪਲੇਟ ਫਾਰਮ ਤੇ ਇਕੱਠੇ ਹੋ, ਸਿੱਖ ਕੌਮ ਦੀ ਅਗਵਾਈ ਕਰਨੀ ਚਾਹੀਦੀ ਹੈ। ਕੋਈ ਕੌਮੀ ਜਥੇਬੰਦੀ ਜੋ ਕੇਵਲ ਤੇ ਕੇਵਲ "ਗੁਰੂ ਗ੍ਰੰਥ ਸਾਹਿਬ" ਦੀ ਰਹਿਨੁਮਾਈ ਵਿੱਚ ਚੱਲਣ ਵਾਲੀ ਹੋਵੇ ਜੋ ਕਿਸੇ ਸੇਵਾ-ਭਾਵਨਾ ਨਿਮਰਤਾ ਦੇ ਪੁੰਜ, ਸੂਰਬੀਰ, ਬਚਨ ਦੇ ਬਲੀ ਪੜ੍ਹੇ ਲਿਖੇ ਗੁਰਮੁਖ ਵਿਦਵਾਨ ਨੂੰ ਕੌਮੀ ਆਗੂ ਮੰਨ ਕੇ, ਇੱਕ ਕਾਫਲੇ ਦੇ ਰੂਪ ਵਿੱਚ ਸਦਾ ਸਰਗਰਮ ਹੋ ਚਲਦੀ ਰਹੇ। ਜੇ ਕਿਤੇ ਅਜਿਹਾ ਹੋ ਗਿਆ ਤਾਂ ਸਿੱਖ ਕੌਮ ਬ੍ਰਾਹਮਣੀ ਕਰਮਕਾਂਡਾਂ ਅਤੇ ਡੇਰੇਦਾਰਾਂ ਦੀ "ਗੋਹ ਵਾਂਗ ਚਿੰਬੜੀ" ਗੁਲਾਮੀ ਨੂੰ ਗਲੋਂ ਲਾਹ ਸੁੱਟੇਗੀ ਅਤੇ ਅਜ਼ਾਦ ਹੋ ਕੇ "ਨਾਨਕ ਰਾਜ ਚਲਾਇਆ" ਵਾਲੇ ਰਾਜ-ਭਾਗ ਵੱਲ ਵਧਦੀ ਹੋਈ, ਸੰਸਾਰ ਵਿੱਚ ਸਿਰ ਉੱਚਾ ਕਰਕੇ ਵਿਚਰੇਗੀ। ਹੁਣ ਬਹੁਤ ਸਾਰੀਆਂ ਜਥੇਬੰਦੀਆਂ ਨੇ ਅਸਲੀ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦੇ ਕੇ, ਸਿੱਖੀ ਦੇ ਕੀਤੇ ਜਾ ਰਹੇ ਭਗਵਾਕਰਨ ਨੂੰ ਰੱਦ ਕਰ ਦਿੱਤਾ ਹੈ। ਅੱਜ ਲੋੜ ਹੈ ਗੁਰਦੁਆਰਿਆਂ, ਗੁਰਧਾਮਾਂ-ਤਖਤਾਂ ਆਦਿਕ ਚੋਂ ਸਿੱਖੀ ਸਰੂਪ ਵਿੱਚ ਵੱਡੇ-ਵੱਡੇ ਔਹਦਿਆਂ ਤੇ ਬਿਰਾਜਮਾਨ ਕੇਸਾਧਾਰੀ, ਕਰਮਕਾਂਡੀ ਡੇਰਿਆਂ ਨਾਲ ਸਬੰਧਤ ਭੇਖੀਆਂ ਨੂੰ ਗੁਰਮਤਿ ਦੀ ਐਨਕ ਨਾਲ ਪਛਾਣ ਕੇ, ਉਨ੍ਹਾਂ ਤੋਂ ਧਰਮ ਅਸਥਾਨ ਅਜ਼ਾਦ ਕਰਾਏ ਜਾਣ ਅਤੇ ਕੌਮੀ ਸਹਿਮਤੀ ਨਾਲ ਗੁਰਮੁਖ ਜਨਾਂ ਨੂੰ ਗੁਰਧਾਮਾਂ ਦੀ ਸੇਵਾ ਸੌਂਪੀ ਜਾਵੇ, ਤਾਂ ਹੀ ਅਜਿਹੇ ਲੋਹੜੀ ਵਰਗੇ ਅੰਧ ਵਿਸ਼ਵਾਸ਼ੀ ਅਨਮਤੀ ਤਿਉਹਾਰਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਲੋਹੜੀ ਮੌਸਮੀ ਤਿਉਹਾਰ ਅਤੇ ਇਸ ਨੂੰ ਮੌਸਮ ਦੀ ਤਬਦੀਲੀ ਦੇ ਤੌਰ ਤੇ ਹੀ ਲੈਣਾ ਚਾਹੀਦਾ ਹੈ। ਅੱਗ ਸੇਕਣੀ, ਗੁੜ, ਰਿਉੜੀਆਂ ਅਤੇ ਮੂੰਗ ਫਲੀਆਂ ਆਦਿਕ ਗਰਮ ਪਦਾਰਥ ਖਾਣੇ ਮਨਮਤਿ ਨਹੀਂ ਸਗੋਂ ਇਨ੍ਹਾਂ ਕੀਮਤੀ ਪਦਾਰਥਾਂ ਨੂੰ, ਬੇਅਰਥ ਅੱਗ ਵਿੱਚ ਫੂਕਣਾ ਮਨਮਤਿ ਹੈ। ਕਿਨ੍ਹਾਂ ਚੰਗਾ ਹੋਵੇ ਜੇ ਇਕੱਠੇ ਹੋ ਕੇ, ਅੱਗ ਸੇਕਦੇ ਹੋਏ, ਗੁਰਬਾਣੀ ਵਿਚਾਰ ਵਿਟਾਂਦਰੇ ਕਰਕੇ ਲਾਹੇ ਲੈ ਜਾਣ। ਥੋਥੇ ਕਰਮਕਾਂਡਾਂ ਅਤੇ ਵਿਕਾਰਾਂ ਦੀ ਠੰਡ-ਕੋਰੇ ਨਾਲ ਠਰੇ ਹੋਏ ਮਨ ਨੂੰ ਗੁਰਮਤਿ ਗਿਆਨ ਦਾ ਨਿੱਘ ਦਿੱਤਾ ਜਾਵੇ। ਮੁੰਡੇ-ਕੁੜੀ ਦੇ ਜਨਮ ਨਾਲ ਲੋਹੜੀ ਦਾ ਕੋਈ ਸਬੰਧ ਨਹੀਂ ਫਿਰ ਕਿਉਂ ਨਾਂ ਬੱਚਿਆਂ ਦੇ ਜਨਮ ਦਿਨ ਪ੍ਰਵਾਰਕ ਖੁਸ਼ੀਆਂ ਸਾਂਝੀਆਂ ਕਰਦੇ ਹੋਏ, ਦੇਣਹਾਰ ਦਾਤਾਰ ਦੀ ਉਸਤਤਿ ਅਤੇ ਧੰਨਵਾਦ ਦੇ ਰੂਪ ਵਿੱਚ ਮਨਾਏ ਜਾਣ!

GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber



ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha

604-306-3276

Big Or Small, We Do It All



TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

ਦੇਗ ਤੇਗ ਫ਼ਤਿਹ — PHONE (604) 254-2117, FAX: (604) 254-5309 — ਪੰਥ ਕੀ ਜੀਤ

13 ਜਨਵਰੀ, ਦਿਨ ਸ਼ੁੱਕਰਵਾਰ.....ਲੋਹੜੀ ਦਾ ਦਿਨ ਹੈ। ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਮਾਨ ਘੱਗ ਅਤੇ ਪਰਿਵਾਰ ਤੇ ਨੰਬਰ 2 ਦਰਬਾਰ ਹਾਲ ਵਿਚ ਭਾਈ ਅਮਰੀਕ ਸਿੰਘ ਸ਼ੇਕਰ ਤੇ ਪਰਿਵਾਰ ਵਲੋਂ ਹੋਵੇਗੀ।

14 ਜਨਵਰੀ, ਦਿਨ ਸ਼ਨਿੱਚਰਵਾਰ..ਸੰਗਰਾਂਦ ਹੈ। ਸਵੇਰ ਨੂੰ ਨੰਬਰ 1 ਦਰਬਾਰ ਹਾਲ ਵਿੱਚ ਲੰਗਰ ਦੀ ਸੇਵਾ ਬੀਬੀ ਮੋਨਾ ਬੈਂਸ ਅਤੇ ਪਰਿਵਾਰ ਵਲੋਂ ਹੋਣਗੇ ਤੇ ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਛਜੂ ਸਿੰਘ ਗੋਸਲ ਅਤੇ ਪਰਿਵਾਰ ਵਲੋਂ ਹੋਵੇਗੀ।

14 ਜਨਵਰੀ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਅਮਰਜੀਤ ਕੌਰ ਗਿੱਲ ਅਤੇ ਪਰਿਵਾਰ ਵਲੋਂ ਹੋਵੇਗੀ। ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਤਵਿੰਦਰ ਸਿੰਘ ਰੰਧਾਵਾ ਅਤੇ ਪਰਿਵਾਰ ਵਲੋਂ ਹੋਵੇਗੀ।

15 ਜਨਵਰੀ, ਦਿਨ ਐਤਵਾਰ.......ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਯਾਦ ਵਿੱਚ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।

17 ਜਨਵਰੀ, ਦਿਨ ਮੰਗਲਵਾਰ.....2:00 ਵਜੇ ਸਵਰਗਵਾਸੀ ਭਾਈ ਬਲਵੀਰ ਸਿੰਘ ਜੁਤਲਾ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

17 ਜਨਵਰੀ, ਦਿਨ ਮੰਗਲਵਾਰ.....ਸ਼ਾਮ 5:00 ਵਜੇ ਸਵ. ਮਾਤਾ ਅਮਰ ਕੌਰ ਦੁਸਾਂਝ ਦੀ ਆਤਮਿਕ ਸ਼ਾਂਤੀ ਲਈ ਆਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

18 ਜਨਵਰੀ, ਦਿਨ ਬੁੱਧਵਾਰ.......ਸ਼ਾਮ 3:30 ਵਜੇ ਸਵਰਗਵਾਸੀ ਭਾਈ ਬਖ਼ਸ਼ੀਸ਼ ਸਿੰਘ ਦੁਸਾਂਝ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪੈਣਗੇ।

19 ਜਨਵਰੀ, ਦਿਨ ਵੀਰਵਾਰ......12:30 ਵਜੇ ਸਵਰਗਵਾਸੀ ਭਾਈ ਰੁਮਣ ਸਿੰਘ ਸੰਧਰ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

21 ਜਨਵਰੀ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਰਾਜਨ ਸਿੰਘ ਬਜਾਜ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੈਂਸ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਹਸਗੁੱਲੇ

ਲੇਜ਼ੀ ਬੁਆਏ, ''ਪਾਪਾ ਇੱਕ ਗਲਾਸ ਪਾਣੀ ਦੇਣਾ।''
ਪਾਪਾ, ''ਖੁਦ ਉਠ ਕੇ ਪੀ ਲੈ...।''
ਬੁਆਏ, ''ਪਲੀਜ਼, ਦੇ ਦੋ ਨਾ...''
ਪਾਪਾ, ''ਜੇ ਦੋਬਾਰਾ ਪਾਣੀ ਮੰਗਿਆ ਤਾਂ ਥੱਪੜ ਮਾਰਾਂਗਾ।''
ਬੁਆਏ, ''ਥੱਪੜ ਮਾਰਨ ਆਓ ਤਾਂ ਪਾਣੀ ਲੈਂਦੇ ਆਇਓ...।''

********

ਸਿਪਾਹੀ, ''ਚੱਲ ਮੇਰੇ ਭਰਾ, ਤੇਰੀ ਫਾਂਸੀ ਦਾ ਸਮਾਂ ਹੋ ਗਿਆ ਹੈ।''
ਕੈਦੀ, ''ਮੈਨੂੰ ਤਾਂ ਫਾਂਸੀ ਵੀਹ ਦਿਨ ਬਾਅਦ ਹੋਣ ਵਾਲੀ ਸੀ।''
ਸਿਪਾਹੀ, ''ਜੇਲ੍ਹਰ ਸਾਹਿਬ ਕਹਿ ਕੇ ਗਏ ਹਨ ਕਿ ਤੂੰ ਉਨ੍ਹਾਂ ਦੇ ਪਿੰਡ ਦਾ ਹੈਂ, ਇਸ ਲਈ ਤੇਰਾ ਕੰਮ ਹੋਰ ਦੋਸ਼ੀਆਂ ਤੋਂ ਪਹਿਲਾਂ...।''

********

ਸਿਪਾਹੀ ਘਟਨਾ ਸਥਾਨ ਤੋਂ ਥਾਣੇਦਾਰ ਨੂੰ ਫੋਨ ਕਰ ਕੇ ਬੋਲਿਆ, ''ਜਨਾਬ ਇੱਥੇ ਇੱਕ ਔਰਤ ਨੇ ਆਪਣੀ ਪਤੀ ਨੂੰ ਗੋਲੀ ਮਾਰ ਦਿੱਤੀ ਹੈ।''
ਥਾਣੇਦਾਰ, ''ਕਿਉਂ?''
ਸਿਪਾਹੀ, ''ਕਿਉਂਕਿ ਉਸ ਦਾ ਪਤੀ ਪੋਚੇ ਲੱਗੇ ਹੋਏ ਗਿੱਲੇ ਫਰਸ਼ ਉੱਤੇ ਚੱਲਣ ਲੱਗਾ ਸੀ।''
ਥਾਣੇਦਾਰ, ''ਤੂੰ ਗ੍ਰਿਫਤਾਰ ਕਰ ਲਿਆ ਉਸ ਨੂੰ।''
ਸਿਪਾਹੀ, ''ਨਹੀਂ ਸਾਹਿਬ, ਪੋਚਾ ਅਜੇ ਸੁੱਕਿਆ ਨਹੀਂ।''

********

ਪਿੰਕੀ, ''ਕਿੰਨੀ ਵੀ ਠੰਢ ਪੈ ਜਾਵੇ, ਪਰ ਮੈਂ ਰੋਜ਼ ਨਹਾਉਂਦੀ ਹਾਂ।''
ਪ੍ਰਿੰਸ, ''ਓਏ ਮੈਂ ਤਾਂ ਠੰਢ ਵਿੱਚ ਦੋ ਵਾਰ ਨਹਾਉਂਦਾ ਹਾਂ।''
ਪਿੰਕੀ, ''ਵਾਓ! ਤੂੰ ਤਾਂ ਬਹੁਤ ਪਿਆਰਾ ਏਂ।''
ਪ੍ਰਿੰਸ, ''ਓ ਨਹੀਂ ਪਾਗਲ, ਮੈਂ ਦੋ ਵਾਰ ਨਹਾਉਂਦਾ ਹਾਂ, ਪਰ ਮਹੀਨੇ ਵਿੱਚ।''

********

ਪੱਪੂ ਇਲੈਕਸ਼ਨ ਵਿੱਚ ਖੜ੍ਹਾ ਹੋਇਆ, ਉਸ ਨੂੰ ਸਿਰਫ ਤਿੰਨ ਵੋਟ ਮਿਲੇ।
ਉਸ ਨੇ ਪੁਲਸ ਤੋਂ ਜ਼ੈੱਡ ਸਕਿਓਰਿਟੀ ਮੰਗੀ।
ਪੁਲਸ, ''ਸਕਿਓਰਿਟੀ ਕਿਉਂ ਚਾਹੀਦੀ ਹੈ?''
ਪੱਪੂ, ''ਜਿਸ ਸ਼ਹਿਰ ਵਿੱਚ ਇੰਨੇ ਲੋਕ ਮੇਰੇ ਖਿਲਾਫ ਹਨ, ਉਥੇ ਮੈਨੂੰ ਸੁਰੱਖਿਆ ਮਿਲਣੀ ਹੀ ਚਾਹੀਦੀ ਹੈ।''

********

ਗੋਲੂ, ''ਜਾਨੂ, ਤੂੰ ਦਿਨ-ਬ-ਦਿਨ ਖੂਬਸੂਰਤ ਹੁੰਦੀ ਜਾ ਰਹੀ ਹੈਂ...''
ਪਤਨੀ (ਖੁਸ਼ ਹੋ ਕੇ), ''ਤੈਨੂੰ ਕਿਸ ਤਰ੍ਹਾਂ ਪਤਾ ਲੱਗਾ?''
ਗੋਲੂ, ''ਤੈਨੂੰ ਵੇਖ ਕੇ ਰੋਟੀਆਂ ਵੀ ਸੜਨ ਲੱਗ ਪਈਆਂ ਹਨ।''

********

ਸੰਜੀਵ (ਰਾਜੂ ਨੂੰ), ''ਫਲ ਛਿਲਕੇ ਸਮੇਤ ਖਾਣੇ ਚਾਹੀਦੇ ਹਨ, ਕਿਉਂਕਿ ਛਿਲਕਿਆਂ ਵਿੱਚ ਵੀ ਪੌਸ਼ਟਿਕ ਤੱਤ ਹੁੰਦੇ ਹਨ। ਉਂਝ ਤੁਹਾਡਾ ਮਨਪਸੰਦ ਫਲ ਕਿਹੜਾ ਹੈ?''
ਰਾਜੂ, ''ਨਾਰੀਅਲ।''

********

ਕਮਲ ਨੇ ਆਪਣੇ ਦੋਸਤ ਨੂੰ ਕਿਹਾ, ''ਯਾਰ! ਅੱਜ ਮੇਰੇ ਨਾਲ ਅਜੀਬ ਹਾਦਸਾ ਹੋਇਆ। ਮੈਂ ਬਾਜ਼ਾਰ ਸਬਜ਼ੀ ਖਰੀਦਣ ਗਿਆ।
ਮੈਂ ਸਬਜ਼ੀ ਵਾਲੇ ਤੋਂ ਭਾਅ ਪੁੱਛਿਆ ਤਾਂ ਉਹ ਬੋਲਿਆ: ਪਹਿਲਾਂ ਪੰਜ ਰੁਪਏ ਦਿਓ, ਫਿਰ ਦੱਸਾਂਗਾ। ਵਾਪਸੀ ਉੱਤੇ ਮੈਂ ਰਸਤਾ ਭੁੱਲ ਗਿਆ ਅਤੇ ਕਿਸੇ ਰਾਹਗੀਰ ਤੋਂ ਪੁੱਛਿਆ ਤਾਂ ਉਹ ਵੀ ਬੋਲਿਆ ਕਿ ਪਹਿਲਾਂ ਪੰਜ ਰੁਪਏ ਦਿਓ, ਫਿਰ ਦੱਸਾਂਗਾ।''

********

ਮਰੀਜ਼ (ਡਾਕਟਰ ਨੂੰ), ''ਡਾਕਟਰ ਸਾਹਿਬ ਮੈਨੂੰ ਦਮੇ ਦੀ ਬਿਮਾਰੀ ਹੈ, ਇਸ ਤੋਂ ਮੈਂ ਬਹੁਤ ਪ੍ਰੇਸ਼ਾਨ ਹਾਂ।''
ਡਾਕਟਰ, ''ਕੋਈ ਗੱਲ ਨਹੀਂ, ਮੈਂ ਤੇਰੇ ਦਮ ਰੋਕ ਦਿੰਦਾ ਹਾਂ।''

********

ਡਾਕਟਰ (ਮਰੀਜ਼ ਨੂੰ), ''ਹੁਣ ਤੂੰ ਬਿਲਕੁਲ ਠੀਕ ਹੋ ਗਿਆ ਏਂ, ਫਿਰ ਵੀ ਕਿਉਂ ਡਰ ਰਿਹਾ ਏਂ?''
ਵਿਕਰਮ, ''ਜਿਸ ਕਾਰ ਨਾਲ ਮੇਰਾ ਐਕਸੀਡੈਂਟ ਹੋਇਆ ਸੀ, ਉਸ 'ਤੇ ਲਿਖਿਆ ਸੀ; ਫਿਰ ਮਿਲਾਂਗੇ।''

***********

ਪਤਨੀ (ਪਤੀ ਨੂੰ), ''ਜੇ ਮੈਂ ਗੁਆਚ ਗਈ ਤਾਂ ਤੁਸੀਂ ਕੀ ਕਰੋਗੇ?''
ਪਤੀ, ''ਬਾਬੇ ਕੋਲ ਜਾਵਾਂਗਾ।''
ਪਤਨੀ, ''ਕਿੰਨੇ ਚੰਗੇ ਹੋ ਤੁਸੀਂ, ਅੱਛਾ ਉਥੇ ਜਾ ਕੇ ਕੀ ਕਹੋਗੇ?''
ਪਤੀ, ''ਕਹਾਂਗਾ; ਬਾਬਾ ਤੁਹਾਡੀ ਕਿਰਪਾ ਆਉਣੀ ਸ਼ੁਰੂ ਹੋ ਗਈ ਹੈ।''

***********

ਸ਼ੀਲਾ (ਸਹੇਲੀ ਮੀਨਾ ਨੂੰ), 'ਮੇਰੇ ਪਤੀ ਬਹੁਤ ਸਿੱਧੇ ਹਨ। ਮੇਰੇ ਇਲਾਵਾ ਕਿਸੇ ਵੱਲ ਵੀ ਅੱਖ ਚੁੱਕ ਕੇ ਨਹੀਂ ਦੇਖਦੇ।'
ਮੀਨਾ, ''ਮੇਰੇ ਪਤੀ ਤੇਰੇ ਪਤੀ ਤੋਂ ਚਾਰ ਕਦਮ ਅੱਗੇ ਹਨ। ਪਰਾਈ ਔਰਤ ਤਾਂ ਕੀ, ਉਹ ਮੇਰੇ ਵੱਲ ਵੀ ਅੱਖ ਚੁੱਕ ਕੇ ਨਹੀਂ ਦੇਖਦੇ।''

***********

ਵਿਅਕਤੀ (ਸੁੰਦਰ ਨਰਸ ਨੂੰ), ''ਮੈਂ ਤੁਹਾਨੂੰ ਪਹਿਲਾਂ ਕਿਤੇ ਦੇਖਿਆ ਹੈ ਤੇ ਤੁਹਾਡੇ ਨਾਲ ਘੁਲ ਮਿਲ ਕੇ ਗੱਲਾਂ ਵੀ ਕੀਤੀਆਂ ਹਨ, ਪਰ ਯਾਦ ਨਹੀਂ ਆ ਰਿਹਾ ਕਿ ਕਿਥੇ ਦੇਖਿਆ ਹੈ।''
ਨਰਸ, ''ਤੁਸੀਂ ਮੈਨੂੰ ਜ਼ਰੂਰ ਦੇਖਿਆ ਹੋਵੇਗਾ ਤੇ ਗੱਲਾਂ ਵੀ ਕੀਤੀਆਂ ਹੋਣਗੀਆਂ। ਇਸ ਤੋਂ ਪਹਿਲਾਂ ਮੈਂ ਪਾਗਲਾਂ ਦੇ ਹਸਪਤਾਲ ਵਿੱਚ ਨਰਸ ਸੀ, ਹੁਣੇ-ਹੁਣੇ ਮੇਰਾ ਤਬਾਦਲਾ ਹੋਇਆ ਹੈ।''

***********

ਇੱਕ ਵਾਰ ਇੱਕ ਪਿਤਾ ਨੇ ਆਪਣੇ ਪੁੱਤਰ ਨੂੰ ਸਮਝਾਉਂਦਿਆਂ ਕਿਹਾ ''ਦੇਖੋ ਬੇਟਾ, ਜਿੰਨੀਆਂ ਵੀ ਤੂੰ ਸ਼ਰਾਰਤਾਂ ਕਰੇਂਗਾ ਜਾਂ ਜਿੰਨੇ ਵੀ ਉਲਾਹਮੇਂ ਤੇਰੇ ਆਉਣਗੇ, ਓਨੇ ਹੀ ਮੇਰੀ ਦਾੜ੍ਹੀ ਦੇ ਵਾਲ ਚਿੱਟੇ ਹੋ ਜਾਣਗੇ। ਇਹ ਦੇਖ ਲੈ ਹੁਣ ਮੇਰੀ ਦਾੜ੍ਹੀ ਤੇਰੇ ਹੱਥ ਹੈ।
ਅੱਗਿਓਂ ਪੁੱਤਰ ਨੇ ਹਾਜ਼ਰ ਜਵਾਬੀ ਪੇਸ਼ ਕਰਦਿਆਂ ਕਿਹਾ ''ਪਿਤਾ ਜੀ, ਫਿਰ ਤੁਸੀਂ ਤਾਂ ਬਹੁਤ ਸ਼ਰਾਰਤੀ ਹੋਵੋਗੇ, ਤੁਹਾਡੇ ਤਾਂ ਛੋਟੇ ਹੁੰਦਿਆਂ ਰੋਜ਼ ਹੀ ਉਲਾਹਮੇਂ ਆਉਂਦੇ ਹੋਣਗੇ।
ਪਿਤਾ ਨੇ ਪੁੱਛਿਆ ''ਉਹ ਕਿਵੇਂ?''
ਅੱਗੋਂ ਪੁੱਤਰ ਨੇ ਜਵਾਬ ਦਿੱਤਾ, ''ਕਿਉਂਕਿ ਦਾਦਾ ਜੀ ਦੀ ਤਾਂ ਸਾਰੀ ਹੀ ਦਾੜ੍ਹੀ ਚਿੱਟੀ ਹੈ।''

***********

ਸ਼ੀਲਾ (ਮਨੋਜ ਨੂੰ), ''ਅੱਜ ਤੋਂ ਬਾਅਦ ਮੈਂ ਤੇਰੇ ਨਾਲ ਗੱਲ ਨਹੀਂ ਕਰਾਂਗੀ।''
ਮਨੋਜ, ''ਕਿਉਂ, ਕੀ ਤੂੰ ਗੂੰਗੀ ਹੋਣ ਵਾਲੀ ਏਂ?''
ਸ਼ੀਲਾ, ''ਨਹੀਂ, ਤੈਨੂੰ ਬੋਲਾ ਕਰਨ ਵਾਲੀ ਹਾਂ।''

***********

ਨੇਤਾ ਜੀ, ''ਮੈਨੂੰ ਵੋਟ ਦਿਓ, ਮੈਂ ਤੁਹਾਡੇ ਪਿੰਡ ਨੂੰ ਸਵਰਗ ਬਣਾ ਦੇਵਾਂਗਾ।''
ਸੁਣਨ ਵਾਲੇ, ''...ਪਰ ਜਨਾਬ ਅਸੀਂ ਤਾਂ ਅਜੇ ਜਿਉਂਦੇ ਰਹਿਣਾ ਹੈ। ਸ਼ਹਿਰ ਹੀ ਬਣਾ ਦਿਓ।
ਪ੍ਰੇਮੀ, ''ਉਹ ਕਿਵੇਂ?''
ਪ੍ਰੇਮਿਕਾ, ''ਮੈਂ ਸੋਹਣੀ ਸੀ, ਇਸ ਲਈ ਤੂੰ ਮੇਰੇ ਵੱਲ ਖਿੱਚਿਆ ਗਿਆਂ ਅਤੇ ਮੈਂ ਮੂਰਖ ਸੀ, ਇਸ ਲਈ ਤੇਰੇ ਵੱਲ ਖਿੱਚੀ ਗਈ।

***********

ਇਕ ਵਾਰ ਨੇਤਾ ਜੀ ਆਪਣੇ ਇਲਾਕੇ ਦਾ ਦੌਰਾ ਕਰਨ ਲਈ ਟਰੇਨ ਵਿੱਚ ਜਾ ਰਹੇ ਸਨ। ਟਰੇਨ 'ਚ ਵਾਰਨਿੰਗ ਲਿਖੀ ਸੀ; 'ਬਿਨਾਂ ਟਿਕਟ ਯਾਤਰਾ ਕਰਨ ਵਾਲੇ ਯਾਤਰੀ ਹੁਸ਼ਿਆਰ।'
ਨੇਤਾ ਜੀ ਕਹਿਣ ਲੱਗੇ, ''ਹੈਂ! ਜੋ ਟਿਕਟ ਲੈ ਕੇ ਯਾਤਰਾ ਕਰ ਰਹੇ ਹਨ, ਉਹ ਸਭ ਬੇਵਕੂਫ ਹਨ?''

***********

ਇੱਕ ਪਿੰਡ ਵਿੱਚ ਤਿੰਨ ਅਨਪੜ੍ਹ ਔਰਤਾਂ ਬੈਠੀਆਂ ਗੱਲਾਂ ਕਰ ਰਹੀਆਂ ਸਨ। ਉਨ੍ਹਾਂ ਵਿੱਚੋਂ ਇੱਕ ਔਰਤ ਕਹਿੰਦੀ ''ਨੀ ਭੈਣੇ ਮੈਂ ਸੁਣਿਆ ਕਿ ਇੰਡੀਆ ਤੇ ਹਿੰਦੋਸਤਾਨ
ਦੀ ਆਪਿਸ ਵਿੱਚ ਲੜਾਈ ਲੱਗ ਗਈ ਹੈ।''
ਦੂਜੀ ਔਰਤ ਬੋਲੀ ''ਹਾਏ ਨੀ ਭੈਣੇ ! ਹੁਣ ਆਪਣਾ ਕੀ ਬਣੂੰ?'' ਤੀਜੀ ਔਰਤ ਬੋਲੀ ''ਕੋਈ ਗੱਲ ਨਹੀਂ,
ਤੁਸੀਂ ਡਰਦੀਆਂ ਕਿਹੜੀ ਗੱਲੋਂ, ਅਸੀਂ ਤਾਂ ਭਾਰਤ ਵਿੱਚ ਰਹਿੰਦੀਆਂ ਹਾਂ''।

***********

ਸ਼ਾਮ (ਸੁਰਜੀਤ ਨੂੰ)-ਅੱਜ ਮੇਰੇ ਨਾਲ ਬਹੁਤ ਬੁਰਾ ਹੋਇਆ?
ਸੁਰਜੀਤ-ਕੀ ਹੋਇਆ?
ਸ਼ਾਮ-ਅੱਜ ਮੈਂ ਸਕੂਲ ਜਾਣ ਲੱਗਾ ਤਾਂ ਅੱਧੇ ਰਸਤੇ ਵਿੱਚ ਪਹੁੰਚ ਕੇ ਰਸਤਾ ਭੁੱਲ ਗਿਆ। ਮੈਂ ਇੱਕ ਆਦਮੀ ਕੋਲੋਂ ਰਸਤਾ ਪੁੱਛਿਆ ਤਾਂ ਉਸ ਨੇ ਕਿਹਾ ਕਿ ਪਹਿਲਾਂ ਦੋ ਰੁਪਏ ਦਿਓ, ਫਿਰ ਦੱਸਾਂਗਾ। ਮੈਂ ਸੋਚਿਆ ਕਿ ਘਰ ਹੀ ਚੱਲਾ ਜਾਂਦਾ ਹਾਂ, ਪਰ ਮੈਂ ਘਰ ਦਾ ਰਸਤਾ ਵੀ ਭੁੱਲ ਗਿਆ।
ਸੁਰਜੀਤ-ਤਾਂ ਤੂੰ ਕਿਸੇ ਨੂੰ ਪੁੱਛਿਆ ਨਹੀਂ?
ਸ਼ਾਮ-ਪੁੱਛਿਆ ਸੀ ਤਾਂ ਉਸ ਨੇ ਵੀ ਦੋ ਰੁਪਏ ਮੰਗੇ।
ਸੁਰਜੀਤ-ਇੱਕ ਗੱਲ ਸਮਝ ਵਿੱਚ ਨਹੀਂ ਆਈ ਕਿ ਤੂੰ ਸਕੂਲ ਅਤੇ ਘਰ ਦਾ ਰਸਤਾ ਕਿਵੇਂ ਭੁੱਲ ਗਿਆ?
ਸ਼ਾਮ-ਪਹਿਲਾਂ ਦੋ ਰੁਪਏ ਦਿਓ, ਫਿਰ ਦੱਸਾਂਗਾ।

***********

ਮਾਸਟਰ-ਦੱਸੋ ਬਈ ਬੱਚਿਓ ਗਰਮੀਆਂ ਵਿੱਚ ਕਿਹੜੀਆਂ ਚੀਜ਼ਾਂ ਫੈਲਦੀਆਂ ਹਨ।ਉਨ੍ਹਾਂ ਦੀਆਂ ਉਦਾਹਰਣਾਂ ਦਿਓ।
ਕਾਕਾ-ਮਾਸਟਰ ਜੀ, ਦਸੰਬਰ ਵਿੱਚ ਅੱਠ ਛੁੱਟੀਆਂ ਹੁੰਦੀਆਂ ਹਨ ਅਤੇ ਉਹ ਗਰਮੀਆਂ ਵਿੱਚ ਫੈਲ ਕੇ ਇੱਕ ਮਹੀਨੇ ਦੀਆਂ ਹੋ ਜਾਂਦੀਆਂ ਹਨ।

***********

ਅਧਿਆਪਕ ਨੇ ਪੁੱਛਿਆ ''ਬੱਚਿਓ ਦੱਸੋ ਚੱਲਦੀ ਬੱਸ ਤੋਂ ਕਦੋਂ ਉਤਰਨਾ ਚਾਹੀਦਾ ਹੈ''?
ਇੱਕ ਮੁੰਡੇ ਨੇ ਉੱਠ ਕੇ ਕਿਹਾ ''ਮਾਸਟਰ ਜੀ, ਜਦੋਂ ਹਸਪਤਾਲ ਨੇੜੇ ਹੋਵੇ।''

***********




# ਆਜ਼ਾਦੀ

ਇਹ ਘਟਨਾ ਕਰਨਾਟਕ ਦੇ ਕੋਮਬਾਰੂ ਸੈਂਕਚੂਰੀ ਨਾਲ ਲੱਗਦੇ ਰੈਸਟ ਹਾਊਸ ਨਾਲ ਸਬੰਧਤ ਹੈ। ਇੱਕ ਚੀਤਾ ਇੱਕ ਕੁੱਤੇ ਦਾ ਪਿੱਛਾ ਕਰ ਰਿਹਾ ਸੀ। ਕੁੱਤਾ ਖਿੜਕੀ ਰਾਹੀਂ ਟਾਇਲਟ ਵਿੱਚ ਦਾਖਲ ਹੋਇਆ। ਟਾਇਲਟ ਨੂੰ ਬਾਹਰੋਂ ਤਾਲਾ ਲੱਗਾ ਹੋਇਆ ਸੀ। ਤੇਂਦੂਆ ਕੁੱਤੇ ਦੇ ਪਿੱਛੇ ਚਲਾ ਗਿਆ ਅਤੇ ਦੋਵੇਂ ਟਾਇਲਟ ਵਿੱਚ ਫਸ ਗਏ। ਜਦੋਂ ਕੁੱਤੇ ਨੇ ਚੀਤੇ ਨੂੰ ਦੇਖਿਆ ਤਾਂ ਉਹ ਡਰ ਗਿਆ ਅਤੇ ਚੁੱਪਚਾਪ ਇੱਕ ਕੋਨੇ ਵਿੱਚ ਬੈਠ ਗਿਆ। ਉਸ ਨੇ ਭੌਂਕਣ ਦੀ ਹਿੰਮਤ ਵੀ ਨਹੀਂ ਕੀਤੀ। ਹਾਲਾਂਕਿ ਚੀਤਾ ਭੁੱਖਾ ਸੀ ਅਤੇ ਕੁੱਤੇ ਦਾ ਪਿੱਛਾ ਕਰ ਰਿਹਾ ਸੀ, ਪਰ ਇਸ ਨੇ ਕੁੱਤੇ ਨੂੰ ਨਹੀਂ ਖਾਧਾ। ਜੇ ਉਹ ਚਾਹੁੰਦਾ ਤਾਂ ਕੁੱਤੇ ਨੂੰ ਇੱਕ ਹੀ ਛਾਲ ਵਿੱਚ ਪਾੜ ਕੇ ਖਾ ਸਕਦਾ ਸੀ।

ਪਰ ਦੋਵੇਂ ਜਾਨਵਰ ਕਰੀਬ ਬਾਰਾਂ ਘੰਟਿਆਂ ਤੋਂ ਵੱਖੋ-ਵੱਖਰੇ ਕੋਨਿਆਂ ਵਿਚ ਇਕੱਠੇ ਬੈਠੇ ਸਨ। ਇਨ੍ਹਾਂ ਬਾਰਾਂ ਘੰਟਿਆਂ ਦੌਰਾਨ ਚੀਤਾ ਵੀ ਸ਼ਾਂਤ ਰਿਹਾ। ਜੰਗਲਾਤ ਵਿਭਾਗ ਨੇ ਚੀਤੇ ਨੂੰ ਦੇਖਿਆ ਅਤੇ ਰਿਮੋਟ ਇੰਜੈਕਸ਼ਨ ਬੰਦੂਕਾਂ (ਵੈਟਰਨਰੀ ਅਨੱਸਥੀਸੀਆ ਦਾ ਇੱਕ ਰੂਪ) ਦੀ ਵਰਤੋਂ ਕਰਕੇ ਇਸਨੂੰ ਕਾਬੂ ਕਰ ਲਿਆ। ਹੁਣ ਸਵਾਲ ਇਹ ਹੈ ਕਿ ਭੁੱਖੇ ਚੀਤੇ ਨੇ ਕੁੱਤੇ ਨੂੰ ਕਿਉਂ ਨਹੀਂ ਖਾਧਾ, ਜਦੋਂ ਇਹ ਆਸਾਨੀ ਨਾਲ ਸੰਭਵ ਸੀ ???



ਜੰਗਲੀ ਜੀਵ ਖੋਜਕਰਤਾਵਾਂ ਨੇ ਇਸ ਸਵਾਲ ਦਾ ਜਵਾਬ ਦਿੱਤਾ ਹੈ: ਉਨ੍ਹਾਂ ਦੇ ਅਨੁਸਾਰ, ਜੰਗਲੀ ਜੀਵ ਆਪਣੀ ਆਜ਼ਾਦੀ ਪ੍ਰਤੀ ਬਹੁਤ ਸੰਵੇਦਨਸ਼ੀਲ ਹਨ। ਜਿਵੇਂ ਹੀ ਉਨ੍ਹਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਦੀ ਆਜ਼ਾਦੀ ਖੋਹ ਲਈ ਗਈ ਹੈ, ਤਾਂ ਉਹ ਬਹੁਤ ਦੁਖੀ ਹੋ ਸਕਦੇ ਹਨ, ਇਸ ਲਈ ਉਹ ਆਪਣੀ ਭੁੱਖ ਵੀ ਭੁੱਲ ਸਕਦੇ ਹਨ। ਜ਼ਿਆਦਾ ਖਾਣ ਦੀ ਉਨ੍ਹਾਂ ਦੀ ਕੁਦਰਤੀ ਇੱਛਾ ਫਿੱਕੀ ਪੈਣੀ ਸ਼ੁਰੂ ਹੋ ਜਾਂਦੀ ਹੈ।

ਇੱਕ ਮਨੁੱਖ ਹੋਣ ਦੇ ਨਾਤੇ ਸਾਨੂੰ ਵੀ ਵੱਖ-ਵੱਖ ਤਰੀਕਿਆਂ ਨਾਲ ਆਜ਼ਾਦੀ ਦੀ ਲੋੜ ਹੁੰਦੀ ਹੈ... ਬੋਲਣ, ਪ੍ਰਗਟਾਵੇ, ਧਰਮ ਅਤੇ ਵਿਸ਼ਵਾਸ ਦੀ ਆਜ਼ਾਦੀ, ਭੋਜਨ, ਸੋਚਣ ਅਤੇ ਕੰਮ ਕਰਨ ਦੀ ਆਜ਼ਾਦੀ... ਆਦਿ।

ਆਜ਼ਾਦੀ ਅਤੇ ਖੁਸ਼ੀ ਇੱਕ ਦੂਜੇ ਨਾਲ ਜੁੜੇ ਹੋਏ ਹਨ। ਆਪਣੀ ਮਰਜ਼ੀ ਅਨੁਸਾਰ ਸੋਚਣ, ਕੰਮ ਕਰਨ ਅਤੇ ਜਿਉਣ ਦੀ ਆਜ਼ਾਦੀ। ਵਧੇਰੇ ਵਿਆਪਕ ਤੌਰ 'ਤੇ, ਆਜ਼ਾਦੀ ਦਾ ਵਿਚਾਰ ਖੁਸ਼ੀ ਨਾਲ ਜੁੜਿਆ ਹੋਇਆ ਹੈ !!! ਅਤੇ ਖੁਸ਼ੀ ਦਾ ਰਾਜ਼ ਆਜ਼ਾਦੀ ਹੈ।

# ਭਾਰਤ ਦੇਸ਼ ’ਚ ਜਾਰੀ ‘ਧੋਖਾਦੇਹੀ’ ਦੀ ਖੇਡ

ਲੁਧਿਆਣਾ (ਵਿਜੈ ਕੁਮਾਰ)ਹੁਣ ਤੱਕ ਤਾਂ ਸਾਡੇ ਦੇਸ਼ ’ਚ ‘ਨਕਲੀ’ ਖਾਣ-ਪੀਣ ਵਾਲੀਆਂ ਵਸਤਾਂ, ਦਵਾਈਆਂ, ਖਾਦਾਂ, ਕੀਟਨਾਸ਼ਕਾਂ, ਕਰੰਸੀ ਆਦਿ ਦੀ ਗੱਲ ਹੀ ਸੁਣੀ ਜਾਂਦੀ ਸੀ ਪਰ ਹੁਣ ਨਕਲੀ ਦੀ ਇਹ ਬੀਮਾਰੀ ‘ਨਕਲੀ’ ਜੱਜਾਂ ਅਤੇ ਅਧਿਕਾਰੀਆਂ ਤੱਕ ਪਹੁੰਚਦੀ ਜਾ ਰਹੀ ਹੈ। ਦੇਸ਼ ’ਚ ‘ਨਕਲੀ’ ਜੱਜ, ‘ਨਕਲੀ’ ਸੀ. ਬੀ. ਆਈ. ਅਧਿਕਾਰੀਆਂ ਅਤੇ ਖੁਦ ਨੂੰ ਵਿੱਤ ਮੰਤਰਾਲਾ ਦੇ ਅਧਿਕਾਰੀ ਦੱਸਣ ਵਾਲੇ ਜਾਅਲਸਾਜ਼ਾਂ ਦੀ ਗ੍ਰਿਫਤਾਰੀ ਤੋਂ ਬਾਅਦ ਲੁਧਿਆਣਾ ’ਚ ‘ਨਕਲੀ’ ਮਹਿਲਾ ਜੱਜ ਅਤੇ ਉਸ ਦਾ ਡੀ. ਐੱਸ. ਪੀ. ਪਤੀ ਫੜਿਆ ਗਿਆ ਹੈ। ਮਾਨਸਾ ਜ਼ਿਲ੍ਹੇ ’ਚ ਤਾਇਨਾਤ ਡੀ. ਐੱਸ. ਪੀ. ਨਰਪਿੰਦਰ ਸਿੰਘ ਅਤੇ ਉਸ ਦੀ ਪਤਨੀ ਦੀਪਕਿਰਨ ’ਤੇ ਖੁਦ ਨੂੰ ਜੱਜ ਵਜੋਂ ਪੇਸ਼ ਕਰ ਕੇ ਪੁਲਸ ਵਿਭਾਗ ’ਚ ਨੌਕਰੀ ਦੇ ਇੱਛੁਕ ਨੌਜਵਾਨਾਂ ਕੋਲੋਂ ਭਾਰੀ ਰਕਮਾਂ ਠੱਗਣ ਦਾ ਦੋਸ਼ ਹੈ। ਉਪਰੋਕਤ ਉਦਾਹਰਣ ਤੋਂ ਸਪੱਸ਼ਟ ਹੈ ਕਿ ਦੇਸ਼ ’ਚ ਜਾਅਲਸਾਜ਼ੀ ਦੀ ਬੁਰਾਈ ਕਿਸ ਕਦਰ ਵਧ ਰਹੀ ਹੈ। ਇਸ ਕਾਰਨ ਜਿੱਥੇ ਲੋਕ ਠੱਗੇ ਜਾ ਰਹੇ ਹਨ, ਉੱਥੇ ਸਰਕਾਰ ਦੀ ਵੀ ਭਾਰੀ ਬਦਨਾਮੀ ਹੋ ਰਹੀ ਹੈ। ਇਸ ਲਈ ਅਜਿਹੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਲੋੜ ਹੈ।


FRASERVIEW MEATS
The Name of Guaranteed Quality Meats



Number One Quality Meat in Lower Mainland
We also sell cooked chicken We take orders for all occassion
Serving You Since 1993
Try our Special Chicken Tikkar



Jagir S. Nagra
604-592-2900
#102-12047-80th Ave. Surrey (Besides Mega Fruticana)
www.fraserviewmeats.com

Rai Express Lines Ltd.



Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President
Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

THE GRAND TAJ BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200
Ladies Parties Special


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events




*Dream Catering "Your Venue, Our Food"*

We provide various Menu
Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

7236 -120St, Surrey, BC    Email:info@dreambanquethall.ca

# PEACE FURNITURE

For The Peace Of Your Mind



ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca    Web:www.peacefurniture.ca